# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

Epaper World Punjabi Times | 21 ਸਤੰਬਰ 2024 ਦਿਨ ਸ਼ਨੀਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਜੋਨ ਅਗਾੜਾ

### ਪਿਛਾੜ ਵੱਲੋਂ ਵਿਸ਼ਾਲ ਕਨਵੈਂਸ਼ਨ ਕਰਕੇ ਬੀਬੀਆਂ ਦੀ ਜੋਨ ਸੰਗਠਨ ਕਮੇਟੀ ਚੁਣੀ।

### 3 ਅਕਤੂਬਰ ਨੂੰ 2 ਘੰਟੇ ਲਈ ਰੇਲਾ ਦਾ ਚੱਕਾ ਜਾਮ ਕਰਨ ਦਾ ਕੀਤਾ ਐਲਾਨ।

ਵਰਲਡ ਪੰਜਾਬੀ ਟਾਈਮਜ਼

ਤਰਨ ਤਾਰਨ 21 ਸਤੰਬਰ : ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ਿਲ੍ਹਾ ਦੇ ਜੋਨ ਅਗਾੜਾਪਿਛਾੜਾ ਦੀ ਕੋਰ ਕਮੇਟੀ ਦੀ ਰਹਿਨੁਮਾਈ ਹੇਠ ਗੁਰਦੁਆਰਾ ਅਗਾੜਾਪਿਛਾੜਾ ਜੀ ਦੇ ਸਥਾਨਾਂ ਤੇ ਵਿਸ਼ਾਲ ਕਨਵੈਂਸ਼ਨ ਕਰਕੇ ਬੀਬੀਆਂ ਦੀ ਜੋਨ ਅਹੁੱਦੇਦਾਰਾ ਦੀ ਚੋਣ ਕੀਤੀ ਗਈ। ਵਿਸ਼ਾਲ ਕਨਵੈਂਸ਼ਨ ਨੂੰ ਸੰਬੋਧਿਤ ਬੀਬੀ ਦਵਿੰਦਰ ਕੌਰ ਪਿੱਦੀ, ਮਨਜੀਤ ਕੌਰ ਮੋਹਨਪੁਰਾ ਅਤੇ ਬਾਕੀ ਬੀਬੀਆਂ ਨੇ ਅਹਿਦ ਕਰਦੇ ਹੋਏ ਕਿਹਾ ਕਿ ਪਿੰਡਾਂ ਵਿੱਚ ਚੱਲ ਰਹੀਆਂ ਸਮਾਜਿਕ ਬੁਰਿਆਈਆਂ ਬੇਲੋੜੇ ਰੀਤੀ ਰਵਾਜ,ਬੇਰੋਜ਼ਗਾਰੀ, ਭ੍ਰਿਸ਼ਟਾਚਾਰ, ਨਸ਼ਾ, ਸਰਕਾਰੀ ਦਫ਼ਤਰਾਂ ਵਿੱਚ ਚੱਲ ਰਹੀ ਲੁੱਟ



ਵਿਰੁੱਧ ਅਵਾਜ਼ ਬਲੰਦ ਕੀਤੀ ਜਾਵੇਗੀ। ਸੂਬਾ ਆਗੂ ਸਤਨਾਮ ਸਿੰਘ ਪੰਨੂ ਨੇ ਕਿਹਾ ਕਿ ਮਾਤਾ ਭਾਗ ਕੌਰ ਦੀਆਂ ਵਾਰਸਾਂ ਕੇਵਲ ਘਰਾਂ ਵਿੱਚ ਚੁੱਲਾ ਚੌਂਕਾ ਹੀ ਨਹੀਂ ਚਲਾਉਦੀਆਂ। ਸਗੋਂ ਸੰਘਰਸ਼ਾਂ ਨੂੰ ਚਲਾਉਣਾ ਵੀ ਜਾਣਦੀਆਂ ਹਨ। ਆਪਣੇ ਹੱਕ ਲੈਣਾ ਵੀ ਜਾਂਣਦੀਆ। ਉਹਨਾਂ ਕਿਹਾ ਕਿ ਦੇਸ਼ ਦੀ ਆਜ਼ਾਦੀ ਤੋਂ ਲੈ ਕੇ ਹਰ ਉਸ ਹੱਕ ਹਕੂਕ ਦੀ ਲੜਾਈ ਵਿੱਚ ਬੀਬੀਆਂ ਨੇ ਬੰਦਿਆਂ ਦੇ ਬਰੋਬਰ ਦਾ ਸਾਥ ਦਿੱਤਾ ਹੈ।ਜੋਨ ਪ੍ਰਧਾਨ ਸਲਵਿੰਦਰ ਸਿੰਘ ਜੀਉਬਾਲਾ ਨੇ ਕਿਹਾ ਲਖੀਮਪੁਰੀ ਕਾਡ ਦੇ ਦੋਸ਼ੀਆਂ ਨੂੰ ਸਜ਼ਾ ਦਵਾਉਣ ਵਾਸਤੇ ਦੋਵਾ ਫੋਰਮਾ ਦੇ ਸੱਦੇ ਤੇ 3 ਅਕਤੂਬਰ ਨੂੰ 2 ਘੰਟੇ ਦਾ ਚੱਕਾ ਜਾਮ ਕਰਕੇ ਸਹੀਦਾ ਨੂੰ ਸ਼ਰਧਾਂਜਲੀ ਦਿੱਤੀ ਜਾਵੇ ਅਤੇ ਮੰਗ ਕੀਤੀ ਜਾਵੇ ਗੀ ਕੀ ਹਜੇ ਮਿਸਰਾ ਟੈਣੀ ਅਤੇ ਅਸੀਸ ਮਿਸਰਾ ਟੈਣੀ ਨੂੰ 302 ਧਾਰਾ ਲਾ ਕੇ ਜੈਲ ਭੈਜਿਆ ਜਾਵੇ।ਅੱਗੇ ਕਿਸਾਨ ਆਗੂਆਂ ਨੇ ਕਿਹਾ ਕਿ ਭਾਰਤ ਦੇ ਗ੍ਰਿਹਿ ਮੰਤਰੀ ਅਮਿਤ ਸ਼ਾਹ ਵੱਲੋਂ ਕਿਸਾਨਾਂ ਦੇ ਅੰਦੋਲਨ ਤੇ ਟਿੱਪਣੀ ਕਰਦੇ ਹੋਏ ਕਿਹਾ ਕਿ ਕਿਸਾਨੀ ਅੰਦੋਲਨ ਵਿੱਚ ਕੇਵਲ ਕਿਸਾਨ750ਹੀ ਬੈਠੇ ਹਨ। ਇਸ ਦੀ ਸਖਤ ਸ਼ਬਦਾਂ ਵਿੱਚ ਨਿਖੇਦੀ ਕੀਤੀ । ਕਿਸਾਨ ਆਗੂਆਂ ਨੇ ਕਿਹਾ ਖਨੌਰੀ ਅਤੇ ਸ਼ੰਭੂ ਬਾਰਡਰਾਂ ਤੇ ਕਿਸਾਨਾਂ ਵੱਲੋਂ 200 ਦਿਨ ਪੂਰੇ ਹੋਣ ਤੇ ਲੱਖਾਂ ਦਾ ਇਕੱਠ ਸਰਕਾਰ ਨੂੰ ਨਹੀਂ ਦਿੱਸਿਆ। ਕੀ ਸਰਕਾਰ ਨੂੰ ਲੱਖਾਂ ਦਾ ਇਕੱਠ 750 ਹੀ ਦਿਸ ਰਿਹਾ ਹੈ। ਉਹਨਾਂ ਕਿਹਾ ਕੀ ਦੇਸ਼ ਦਾ ਗ੍ਰਹ ਮੰਤਰੀ ਕਹਿ ਦੇਵੇ ਕੀ ਜਿਹੜੀਆਂ ਮੰਗਾਂ ਨੂੰ ਲੈ ਕੇ ਕਿਸਾਨ ਮੋਰਚੇ ਵਿੱਚ ਬੈਠੇ ਹਨ। ਉਹ ਗਲਤ ਹਨ। ਉਹਨਾਂ ਕਿਹਾ ਕਿ ਸਰਕਾਰ ਦੀਆਂ ਮੰਨੀਆਂ ਹੋਈਆਂ ਮੰਗਾਂ ਨੂੰ ਲਾਗੂ ਕਰਵਾਉਣ ਲਈ ਹੀ ਕਿਸਾਨ ਮੋਰਚੇ ਵਿੱਚ ਬੈਠੇ ਹਨ। ਸਰਕਾਰ ਆਪਣੀਆਂ ਮੰਨੀਆਂ ਹੋਈਆਂ ਮੰਗਾਂ ਤੋਂ ਭੱਜ ਰਹੀ ਹੈ। ਇਜਲਾਸ ਵਿੱਚ ਬੀਬੀਆਂ ਚੋਣ ਸੀਨੀਅਰ ਮੀਤ ਪ੍ਰਧਾਨ ਕਸ਼ਮੀਰ ਕੌਰ ਸੁਰਸਿੰਘ, ਮੀਤ ਸਕੱਤਰ ਦਲਜੀਤ ਕੌਰ ਤੇਜਾਸਿੰਘਵਾਲਾ, ਮੀਤ ਪ੍ਰਧਾਨ ਬਲਜੀਤ ਕੌਰ ਮੂਸੇ, ਗੁਰਵਿੰਦਰ ਕੌਰ ਗੱਗੋਬੂਆ,ਮੀਤ ਸਕੱਤਰ ਪ੍ਰਮਜੀਤ ਕੌਰ ਜੀਉਬਾਲਾ, ਆਦਿ ਅਹੁਦੇਦਾਰ ਚੁਣੇ ਗਏ।

## ਅੰਮ੍ਰਿਤ ਅਜੀਜ਼ ਦੀ ਪੁਸਤਕ ਹਿਜ਼ਰ ਤੋਂ ਵਸਲ ਤੱਕ ਲੋਕ ਅਰਪਣ

### ਕੌਮੀ ਲੋਕ ਨਾਚ ਰਾਹੀਂ ਕਲਾਕਾਰਾਂ ਨੇ ਕਲਾਵਾਂ ਦੀ ਕੀਤੀ ਪੇਸ਼ਕਾਰੀ

### ਉੱਤਰ ਖੇਤਰ ਸਭਿਆਚਾਰਕ ਕੇਂਦਰ ਪਟਿਆਲਾ ਦੇ ਕਲਾਕਾਰਾਂ ਨੇ ਵੱਖ ਵੱਖ ਰਾਜਾਂ ਦੀ ਸੰਸਕ੍ਰਿਤੀ ਦੇ ਰੰਗ ਬਿਖੇਰੇ

### ਲੋਕ ਗਾਇਕਾ ਰਾਣੀ ਰਣਦੀਪ ਨੇ ਮਕਬੂਲ ਗੀਤਾਂ ਰਾਹੀਂ ਸਮਾਂ ਬੰਨ੍ਹਿਆ

ਵਰਲਡ ਪੰਜਾਬੀ ਟਾਈਮਜ਼ ਧਰਮ ਪ੍ਰਵਾਨਾਂ

ਫਰੀਦਕੋਟ 21 ਸਤੰਬਰ : ਬਾਬਾ ਸ਼ੇਖ ਫਰੀਦ ਆਗਮਨ ਪੁਰਬ ਦੇ ਸਬੰਧ ਵਿਚ ਨਵੀਂ ਦਾਣਾ ਮੰਡੀ ਵਿਖੇ ਬੀਤੀਂ ਸ਼ਾਮ ਕਰਵਾਏ ਗਏ ਕੌਮੀ ਲੋਕ ਨਾਚ ਪ੍ਰੋਗਰਾਮ ਦੌਰਾਨ ਵੱਖ ਵੱਖ ਰਾਜਾਂ ਦੇ ਕਲਾਕਾਰਾਂ ਵੱਲੋਂ ਸ਼ਮੂਲੀਅਤ ਕਰਕੇ ਆਪਣੀ ਕਲਾ ਦੇ ਖੂਬ ਜੌਹਰ ਦਿਖਾਏ ਗਏ। ਇਸ ਮੌਕੇ ਡਿਪਟੀ ਕਮਿਸ਼ਨਰ ਸ੍ਰੀ ਵਿਨੀਤ ਕੁਮਾਰ ਅਤੇ ਜੀ.ਏ. ਮੈਡਮ ਤੁਸ਼ਿਤਾ ਗੁਲਾਟੀ ਵਿਸ਼ੇਸ਼ ਤੌਰ ਤੇ ਹਾਜ਼ਰ ਸਨ। ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਉੱਤਰ ਖੇਤਰ ਸਭਿਆਚਾਰਕ ਕੇਂਦਰ ਪਟਿਆਲਾ ਦੇ ਸਹਿਯੋਗ ਨਾਲ ਕਰਵਾਏ ਗਏ ਕੌਮੀ ਲੋਕ ਨਾਚ ਪ੍ਰੋਗਰਾਮ ਦੌਰਾਨ ਕਲਾਕਾਰਾਂ ਵੱਲੋਂ ਆਪੋ ਆਪਣੇ ਰਾਜਾਂ ਨਾਲ ਸਬੰਧਤ ਸਭਿਆਚਾਰਕ ਪੇਸ਼ਕਾਰੀਆਂ ਰਾਹੀਂ ਸਰੋਤਿਆਂ ਨੂੰ ਕੀਲਿਆਂ। ਇਸ ਕੌਮੀ ਲੋਕ ਨਾਚ ਪ੍ਰੋਗਰਾਮ ਦੌਰਾਨ ਮਨੀਪੁਰ ਦਾ ਲਾਈ ਹੋਰਬਾ ਡਾਂਸ, ਰਾਜਸਥਾਨ ਦਾ ਚੱਕਰੀ, ਹਰਿਆਣਾ ਦਾ ਫਾਗ, ਮਨੀਪੁਰ ਪੁਗ ਚੋਲਮ ਢੋਲ ਚੋਲਮ, ਹਿਮਾਚਲ ਦਾ ਕਿਨੌਰੀ ਨਾਟੀ, ਉੱਤਰਾਖੰਡ ਦਾ ਛਬੇਲੀ ਅਤੇ ਪੰਜਾਬ ਦਾ ਗੱਤਕਾ, ਨਚਾਰ ਪਾਰਟੀ ਅਤੇ ਫੋਗ ਅੰਦਾਜ਼ ਭੰਗੜਾ ਐਕਡਮੀ ਮਿਲਵਈ ਗਿੱਧਾ ਪੇਸ਼ ਕੀਤਾ ਗਿਆ। ਇਸ ਮੌਕੇ ਲੋਕ ਗਾਇਕ ਲਖਬੀਰ ਬਰਾੜ



ਨੇ ਕਰੀਬ ਆਪਣੀ ਗਾਇਕੀ ਨਾਲ ਸਰੋਤਿਆਂ ਵਿੱਚ ਆਪਣੀ ਹਾਜ਼ਰੀ ਲਵਾਈ। ਇਸ ਮੌਕੇ ਪੰਜਾਬ ਦੀ ਸੁਰੀਲੀ ਗਾਇਕਾ ਰਾਣੀ ਰਣਦੀਪ ਨੇ ਬਾਬਾ ਫਰੀਦ ਜੀ ਦੇ ਸਲੋਕਾਂ ਨਾਲ ਸ਼ੁਰੂਆਤ ਕੀਤੀ ਅਤੇ ਉਪਰੰਤ ਆਪਣੇ ਗੀਤਾਂ ਤੂੰ ਕੀ ਠਾਣੇਦਾਰ ਲੱਗਿਆ, ਤੂੰ ਤਾਂ ਆਇਆ ਸੀ ਵੰਡਾਉਣ ਦੁੱਖ ਮੇਰੇ, ਤੂੰ ਮੈਨੂੰ ਵੇਖੀ ਜਾਵੇ, ਇਸ਼ਕੇ ਦੀ ਮਾਰ, ਪਾਣੀ ਦੀਆਂ ਛੱਲਾ ਹੋਣ, ਮੈਂ ਕਿਹਾ ਚੰਨ ਜੀ ਸਲਾਮ ਕਹਿਣੇ ਆ ਸਮੇਤ ਕਈ ਚਰਚਿਤ ਗੀਤ ਗਾਉਂਦਿਆਂ ਲੋਕਾਂ ਨੂੰ ਲੰਮਾ ਸਮਾਂ ਝੂੰਮਣ ਲਾਇਆ। ਇਸ ਮੌਕੇ ਸਟੇਜ ਸੰਚਾਲਨ ਦੀ ਭੂਮਿਕਾ ਸ੍ਰੀ ਜਸਬੀਰ ਸਿੰਘ ਜੱਸੀ ਵੱਲੋਂ ਬਾਖੂਬੀ ਨਿਭਾਈ ਗਈ। ਇਸ ਮੌਕੇ ਚੇਅਰਮੈਨ ਮਾਰਕਿਟ ਕਮੇਟੀ ਸਾਦਿਕ ਰਮਨਦੀਪ ਸਿੰਘ ਮੁਮਾਰਾ, ਰਣਬੀਰ ਸਿੰਘ ਸਿੱਧੂ ਨਾਇਬ ਤਹਿਸੀਲਦਾਰ, ਸੈਕਟਰੀ ਰੈੱਡ ਕਰਾਸ ਮਨਦੀਪ ਮੌਂਗਾ, ਮਨਪ੍ਰੀਤ ਸਿੰਘ ਧਾਲੀਵਾਲ ਪੀ.ਆਰ.ਓ, ਸੁਖਬੀਰ ਸਿੰਘ ਕੁੰਡਲ ਪ੍ਰਧਾਨ ਲੋਕ ਰੰਗ ਮੰਚ, ਪਾਲ ਸਿੰਘ ਸੰਧੂ ਰੁਪਈਆਵਾਲਾ, ਜਸਵੰਤ ਸਿੰਘ ਪਹਿਲੂਵਾਲਾ, ਡਾ. ਰਣਜੀਤ ਸਿੰਘ ਸੰਧੂ ਹਾਜ਼ਰ ਸਨ।

## ਡੀ. ਸੀ.ਐੱਮ.ਸਕੂਲ ਵਿਖੇ ਬਾਬਾ ਸ਼ੇਖ ਫ਼ਰੀਦ ਜੀ ਦਾ ਆਗਮਨ-ਪੁਰਬ ਸ਼ਰਧਾ ਨਾਲ ਮਨਾਇਆ ਗਿਆ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ

ਕੋਟਕਪੂਰਾ 21 ਸਤੰਬਰ : ਮਹਾਨ ਸੂਫ਼ੀ ਸੰਤ ਬਾਬਾ ਸ਼ੇਖ ਫ਼ਰੀਦ ਜੀ ਦੇ ਆਗਮਨ-ਪੁਰਬ ਮੌਕੇ ਡੀ.ਸੀ.ਐੱਮ. ਇੰਟਰਨੈਸ਼ਨਲ ਸਕੂਲ, ਕੋਟਕਪੂਰਾ ਵਿਖੇ ਪ੍ਰਿੰਸੀਪਲ ਸ੍ਰੀਮਤੀ ਮੀਨਾਕਸ਼ੀ ਸ਼ਰਮਾ ਦੀ ਅਗਵਾਈ ਹੇਠ ਇੱਕ ਵਿਸ਼ੇਸ਼ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ । ਜਿਸ ਵਿੱਚ ਸਕੂਲ ਦੇ ਵੱਖ-ਵੱਖ ਵਿਦਿਆਰਥੀਆਂ ਨੇ ਸਭ ਤੋਂ ਪਹਿਲਾਂ ਬਾਬਾ ਫ਼ਰੀਦ ਜੀ ਦੇ ਸ਼ਲੋਕ ਗਾਏ, ਫਿਰ ਸ਼ਬਦ , ਸੂਫ਼ੀਆਨਾ ਦੋਹੇ, ਕਵਾਲੀਆਂ, ਕਵਿਤਾਵਾਂ ਆਦਿ ਗਾ ਕੇ ਅਤੇ ਫ਼ਰੀਦ ਜੀ ਦੇ ਜੀਵਨ ਨਾਲ ਸੰਬੰਧਿਤ ਆਪਣੇ ਵਿਚਾਰ ਪੇਸ਼ ਕਰਕੇ ਪ੍ਰੋਗਰਾਮ ਨੂੰ ਹੋਰ ਵੀ



ਪ੍ਰਭਾਵਸ਼ਾਲੀ ਬਣਾਇਆ । ਇਸ ਸਮੇਂ ਸਕੂਲ ਦੇ ਪ੍ਰਿੰਸੀਪਲ ਸ੍ਰੀਮਤੀ ਮੀਨਾਕਸ਼ੀ ਸ਼ਰਮਾ ਨੇ ਬਾਬਾ ਸ਼ੇਖ ਫ਼ਰੀਦ ਜੀ ਦੇ ਜੀਵਨ ਤੇ ਚਾਨਣਾ ਪਾਉਂਦਿਆਂ ਕਿਹਾ ਕਿ ਉਹ ਪੰਜਾਬੀ ਦੇ ਪਹਿਲੇ ਪ੍ਰਮਾਣਿਤ ਕਵੀ ਮੰਨੇ ਜਾਂਦੇ ਹਨ । ਉਨ੍ਹਾਂ ਨੇ ਆਪਣੀ ਸਮੁੱਚੀ ਬਾਣੀ ਰਾਹੀਂ ਮਨੁੱਖ ਨੂੰ ਨਿਮਰਤਾ ਨਾਲ, ਸਾਦਾ ਜੀਵਨ ਬਿਤਾਉਣ, ਰੱਬ ਨਾਲ ਜੁੜਣ, ਹਰ ਇੱਕ ਦਾ ਭਲਾ ਮਨਾਉਣ, ਜੀਵਨ ਦੀ ਨਾਸ਼ਮਾਨਤਾ ਨੂੰ ਯਾਦ ਰੱਖਣ ਦੀ ਪ੍ਰੇਰਨਾ ਦਿੱਤੀ ਅਤੇ ਰੁੱਖਾਂ ਵਾਂਗ ਹਰ ਦੁੱਖ-ਸੁੱਖ ਸਹਿਣ ਕਰਨ ਲਈ ਪ੍ਰੇਰਿਤ ਕੀਤਾ । ਇਸ ਸਮੇਂ ਸਕੂਲ ਦੇ ਸਰਪ੍ਰਸਤ ਸ੍ਰੀ ਅਸ਼ੋਕ ਚਾਵਲਾ ਨੇ ਮਹਾਨ ਸੂਫ਼ੀ ਸੰਤ ਅਤੇ ਸਿੱਖ ਕੌਮ ਦੀ ਸਤਿਕਾਰਤ ਹਸਤੀ ਸ਼ੇਖ ਫ਼ਰੀਦ ਜੀ ਦੇ ਆਗਮਨ-ਪੁਰਬ ਦੀਆਂ ਵਧਾਈਆਂ ਦਿੰਦਿਆਂ ਕਿਹਾ ਕਿ ਸਵੈ-ਨਿਰਮਾਣ ਲਈ ਪ੍ਰੇਰਦੀ ਉਨ੍ਹਾਂ ਦੀ ਸਾਦਗੀ ਭਰੀ ਬਾਣੀ ਮਨੁੱਖਤਾ ਦਾ ਸੱਚਾਈ, ਸੰਤੋਖ ਅਤੇ ਨਿਮਰਤਾ ਦੇ ਰਸਤੇ ਉੱਤੇ ਚੱਲਣ ਲਈ ਮਾਰਗ ਦਰਸ਼ਨ ਕਰਦੀ ਹੈ ।

## 'ਮੋਗਾ ਸਹੋਦਯਾ' ਵੱਲੋਂ ਵੱਖ ਵੱਖ ਸਕੂਲਾਂ ਦੇ ਤਜ਼ਰਬੇਕਾਰ ਅਧਿਆਪਕ ਬੈਸਟ ਟੀਚਰ ਐਵਾਰਡ ਨਾਲ ਸਨਮਾਨਿਤ

### ਗੁਰੂਕੁਲ ਸਕੂਲ ਦੇ ਅਧਿਆਪਕ ਪਰਮਜੀਤ ਕੌਰ ਨੂੰ ਮਿਲਿਆ ਸਨਮਾਨ, ਪ੍ਰਿੰਸੀਪਲ ਧਵਨ ਕੁਮਾਰ ਨੇ ਦਿੱਤੀ ਵਧਾਈ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ

ਕੋਟਕਪੂਰਾ, 21 ਸਤੰਬਰ : ਸਹੋਦਯਾ ਫਾਉਂਡੇਸ਼ਨ ਸੰਨ 1986 ਵਿੱਚ ਕੇਂਦਰੀ ਬੋਰਡ ਆਫ ਸੈਕੰਡਰੀ ਐਜੂਕੇਸ਼ਨ ਵੱਲੋਂ ਸ਼ੁਰੂ ਕੀਤਾ ਗਿਆ ਸੀ। ਸਹੋਦਯਾ ਦਾ ਮਤਲਬ "ਇਕੱਠੇ ਚੜ੍ਹਨਾ" ਹੈ। ਇਹ ਮੂਲ ਤੌਰ 'ਤੇ ਸਕੂਲਾਂ ਦੇ ਸਮੂਹਾਂ ਨੂੰ ਇਕੱਠੇ ਲਿਆਉਣ ਲਈ ਬਣਾਇਆ ਗਿਆ ਹੈ ਤਾਂ ਕਿ ਉਹ ਆਪਣੇ ਸਿੱਖਿਆ ਅਨੁਭਵਾਂ, ਵਿਧੀਆਂ ਅਤੇ ਵਿਕਾਸ ਦੇ ਮਾਡਲਾਂ ਨੂੰ ਸਾਂਝਾ ਕਰ ਸਕਣ। ਇਸ ਫਾਊਂਡੇਸ਼ਨ ਦਾ ਮੁੱਖ ਮਕਸਦ ਸਿੱਖਿਆ ਨੂੰ ਸਹਿਕਾਰੀ ਅਤੇ ਭਾਈਚਾਰੇ ਦੇ ਅਧਾਰ 'ਤੇ ਅੱਗੇ ਵਧਾਉਣਾ ਹੈ। ਜਿਸ ਵਿੱਚ ਕਈ ਸਕੂਲ ਇੱਕ ਦੂਜੇ ਨਾਲ ਸਾਂਝਾ ਕੰਮ ਕਰਦੇ ਹਨ। ਇਹ ਸਿਰਫ ਅਕਾਦਮਿਕ ਸਿੱਖਿਆ



ਹੀ ਨਹੀਂ ਬਲਕਿ ਚੌਂਹੀਂ ਪਾਸਿਆਂ ਸਿੱਖਿਆ ਨੂੰ ਪ੍ਰਫੁੱਲਤ ਕਰਨ ਦਾ ਕੰਮ ਵੀ ਕਰਦਾ ਹੈ। ਇਸ ਪਲੇਟਫਾਰਮ ਦਾ ਮਕਸਦ ਭਾਰਤੀ ਸਿੱਖਿਆ ਪ੍ਰਣਾਲੀ ਨੂੰ ਨਵੇਂ ਸਮੇਂ ਦੀਆਂ ਲੋੜਾਂ ਦੇ ਅਨੁਸਾਰ ਨਵੀਂ ਦਿਸ਼ਾ ਦੇਣਾ ਹੈ। ਇਹਨਾਂ ਸਾਰੇ ਉਦੇਸ਼ਾਂ ਦੀ ਪੂਰਤੀ ਕਰਨ ਲਈ ਸੀਬੀਐਸਈ ਵੱਲੋਂ ਹਰ ਜ਼ਿਲ੍ਹੇ ਵਿੱਚ ਸਕੂਲਾਂ ਦਾ ਸੰਗਠਨ ਕੀਤਾ ਗਿਆ। ਜਿਸ ਦੇ ਚਲਦੇ ਜ਼ਿਲ੍ਹਾ ਮੋਗਾ ਸਹੋਦਯਾ ਵਿੱਚ ਅਜਿਹੇ 55 ਸਕੂਲਾਂ ਨੂੰ ਇਸ ਸੂਚੀ ਵਿੱਚ ਦਰਜ ਕੀਤਾ ਗਿਆ ਹੈ। ਹਾਲ ਹੀ ਵਿੱਚ ਅਧਿਆਪਕ ਦਿਵਸ ਮੌਕੇ 'ਤੇ ਮੋਗਾ ਸਹੋਦਯਾ ਵੱਲੋਂ ਬੀ ਬੀ ਐਸ ਸਕੂਲ ਵਿਖ਼ੇ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਇਸ ਪ੍ਰੋਗਰਾਮ ਵਿੱਚ ਜ਼ਿਲ੍ਹਾ ਮੋਗਾ ਦੇ ਲਗਭਗ 30 ਸਕੂਲਾਂ ਦੇ ਪ੍ਰਿੰਸੀਪਲਾਂ ਅਤੇ ਸਮੂਹ ਅਧਿਆਪਕਾਂ ਨੇ ਭਾਗ ਲਿਆ। ਅਧਿਆਪਕ ਦਿਵਸ 'ਤੇ ਆਯੋਜਨ ਕੀਤੇ ਗਏ ਇਸ ਵਿਸ਼ੇਸ਼ ਪ੍ਰੋਗਰਾਮ ਵਿੱਚ ਪ੍ਰਸਿੱਧ ਅਦਾਕਾਰਾ ਸੋਨੂ ਸੂਦ ਦੇ ਭੈਣ ਮਾਲਵੀਕਾ ਸੂਦ ਨੇ ਬਤੌਰ ਚੀਫ ਗੈਸਟ ਸ਼ਿਰਕਤ ਕੀਤੀ। ਸ਼੍ਰੀਮਤੀ ਮਾਲਵੀਕਾ ਸੂਦ ਇੱਕ ਬਹੁਤ ਹੀ ਵਧੀਆ ਸ਼ਖਸੀਅਤ ਦੇ ਮਾਲਕ ਹਨ, ਜਿਹੜੇ ਹਮੇਸ਼ਾ ਸਮਾਜ ਸੇਵਾ ਵਿੱਚ ਅੱਗੇ ਆਉਣ ਲਈ ਤਤਪਰ ਰਹਿੰਦੇ ਹਨ। ਇਸ ਤੋਂ ਇਲਾਵਾ ਬੀ ਬੀ ਐਸ ਸਕੂਲ ਦੇ ਚੇਅਰਪਰਸਨ ਕਮਲ ਸੈਨੀ ਜੀ ਨੇ ਇਸ ਪ੍ਰੋਗਰਾਮ ਦੀ ਅਗਵਾਈ ਕਰਦਿਆਂ ਵੱਖ-ਵੱਖ ਸਕੂਲਾਂ ਤੋਂ ਆਏ ਅਧਿਆਪਕਾਂ ਨੂੰ ਬੈਸਟ ਟੀਚਰ ਅਵਾਰਡ ਦੇ ਕੇ ਸਨਮਾਨਿਤ ਕੀਤਾ! ਇਸ ਪ੍ਰੋਗਰਾਮ ਵਿੱਚ ਸਬੰਧਤ ਸਕੂਲ ਵਿੱਚ ਜ਼ਿਆਦਾ ਤਜ਼ਰਬਾ ਰੱਖਣ ਵਾਲੇ ਅਧਿਆਪਕਾਂ ਨੂੰ ਸ਼ਿਰਕਤ ਕਰਨ ਦਾ ਮੌਕਾ ਮਿਲਿਆ। ਇਹ ਦੱਸਦੇ ਹੋਏ ਬੜੀ ਖੁਸ਼ੀ ਮਹਿਸੂਸ ਹੋ ਰਹੀ ਹੈ ਕਿ ਐਸਬੀਆਰਐਸ ਗੁਰੂਕੁਲ ਸਕੂਲ ਦੇ ਅਧਿਆਪਕ ਮੈਡਮ ਪਰਮਜੀਤ ਕੌਰ ਜਿਹੜੇ ਕਿ ਪਿਛਲੇ 16 ਸਾਲਾਂ ਤੋਂ ਗੁਰੂਕੁਲ ਸਕੂਲ ਵਿਖੇ ਆਪਣੀ ਸੇਵਾ ਨਿਭਾ ਰਹੇ ਹਨ, ਨੂੰ ਇਸ ਪ੍ਰੋਗਰਾਮ ਵਿੱਚ ਹਿੱਸਾ ਲੈਣ ਦਾ ਅਵਸਰ ਪ੍ਰਾਪਤ ਹੋਇਆ। ਇਸ ਮੌਕੇ ਸਕੂਲ ਦੇ ਡਾਇਰੈਕਟਰ ਪ੍ਰਿੰਸੀਪਲ ਧਵਨ ਕੁਮਾਰ ਹੋਰਾਂ ਨੇ ਇਸ ਪ੍ਰੋਗਰਾਮ ਦੀ ਅਗਵਾਈ ਕਰਦੇ ਹੋਏ ਸਟੇਜ ਮੁੱਖ ਸੰਚਾਲਕਤਾ ਨਿਭਾਉਂਦੇ ਹੋਏ ਵੱਖ ਵੱਖ ਤਰ੍ਹਾਂ ਦੀਆਂ ਗਤੀਵਿਧੀਆਂ ਕਰਵਾਈਆਂ ਅਤੇ ਅਧਿਆਪਕਾਂ ਵਿਚਲੀ ਪ੍ਰਤਿਭਾ ਨੂੰ ਪਛਾਣਦੇ ਹੋਏ ਸਭਨਾਂ ਨੂੰ ਦਿਲਕਸ਼ ਅੰਦਾਜ਼ ਵਿੱਚ ਆਪਣਾ ਹੁਨਰ ਪੇਸ਼ ਕਰਨ ਦਾ ਮੌਕਾ ਦਿੱਤਾ। ਇਸ ਮੌਕੇ ਧਵਨ ਕੁਮਾਰ, ਮੈਡਮ ਕਮਲਸੈਣੀ, ਸ਼੍ਰੀਮਤੀ ਮਾਲਵਿਕਾ ਸੂਦ, ਅਤੇ ਸਮੂਹ ਸਕੂਲਾਂ ਦੇ ਪ੍ਰਿੰਸੀਪਲਜ਼ ਨੇ ਇਸ ਪ੍ਰੋਗਰਾਮ ਵਿੱਚ ਬੈਸਟ ਟੀਚਰ ਅਵਾਰਡ ਪ੍ਰਾਪਤ ਕਰਨ ਵਾਲੇ ਅਧਿਆਪਕਾਂ ਪ੍ਰਤੀ ਖੁਸ਼ੀ ਜਾਹਰ ਕੀਤੀ।

## ਬਾਬਾ ਫਰੀਦ ਜੀ ਦੇ ਮੇਲੇ ਤੇ ਸਾਹਿਤਕਾਰ ਸਾਹਿਬਜੋਤ ਸਿੰਘ ਦੀ ਦੂਜੀ ਕਿਤਾਬ " ਹੀ ਹੂ ਇਜ ਦਾ ਯੂਨੀਵਰਸ" ਕੀਤੀ ਲੋਕ ਅਰਪਨ।

ਵਰਲਡ ਪੰਜਾਬੀ ਟਾਈਮਜ਼ ਧਰਮ ਪ੍ਰਵਾਨਾਂ

ਫਰੀਦਕੋਟ 21 ਸਤੰਬਰ : ਬਾਬਾ ਫਰੀਦ ਜੀ ਦੀ ਜੀਵਨੀ ਤੇ ਰਾਸ਼ਟਰੀ ਸੈਮੀਨਾਰ ਦੌਰਾਨ ਛੋਟੀ ਉਮਰੇ ਵੱਡੀਆਂ ਪੁਲਾਂਘਾਂ ਪੁਟਣ ਵਾਲੇ ਸਾਹਿਤਕਾਰ ਸਾਹਿਬਜੋਤ ਸਿੰਘ ਦੀ ਦੂਜੀ ਕਿਤਾਬ " ਹੀ ਹੂ ਇਜ ਦਾ ਯੂਨੀਵਰਸ" ਕੀਤੀ ਲੋਕ ਅਰਪਨ। ਜਿਲਾ ਸੱਭਿਆਚਾਰਕ ਕਮੇਟੀ ਅਤੇ ਬਾਬਾ ਫਰੀਦ ਮੈਮੋਰੀਅਲ ਸੁਸਾਇਟੀ ਵੱਲੋਂ ਬਾਬਾ ਫਰੀਦ ਆਗਮਨ ਪੁਰਬ 2024 ਦੇ ਸ਼ੁਭ ਅਵਸਰ ਤੇ ਉਹਨਾਂ ਦੇ ਜੀਵਨ ਅਤੇ ਵਿਚਾਰਧਾਰਾ ਬਾਰੇ , ਪੰਡਿਤ ਚੇਤਨ ਦੇਵ ਸਰਕਾਰੀ ਕਾਲਜ ਆਫ ਐਜੂਕੇਸ਼ਨ ਵਿਖੇ ਚੱਲ ਰਹੇ ਰਾਸ਼ਟਰੀ ਸੈਮੀਨਾਰ ਦੌਰਾਨ ਛੋਟੀ ਉਮਰੇ ਵੱਡੀਆਂ ਪੁਲਾਂਘਾਂ ਪੁੱਟਣ ਵਾਲੇ ਸਾਹਿਤਕਾਰ ਸਾਹਿਬ ਜੋਤ ਸਿੰਘ ਦੀ ਦੂਜੀ ਕਿਤਾਬ "ਹੀ ਹੂ ਇਜ ਦਾ ਯੂਨੀਵਰਸ" ਮੁੱਖ ਮਹਿਮਾਨ ਸ੍ਰੀ ਵਨੀਤ ਕੁਮਾਰ ਆਈ ਏ ਐਸ ਡਿਪਟੀ ਕਮਿਸ਼ਨਰ ਫਰੀਦਕੋਟ , ਪ੍ਰਧਾਨਗੀ ਕਰ ਰਹੇ , ਸਿਮਰਜੀਤ ਸਿੰਘ ਸੇਖੋਂ ਪ੍ਰਧਾਨ ਬਾਬਾ ਫਰੀਦ ਧਾਰਮਿਕ ਅਤੇ ਵਿਦਿਆ ਸੰਸਥਾਵਾਂ ਅਤੇ ਮੁੱਖ ਬੁਲਾਰੇ ਸੱਯਦ ਮੁਹੰਮਦ ਅਸ਼ਰਫ, ਅਸਰਫੇ – ਮਿਲਤ ਸੇਖਲ ਹਿੰਦ ਵੱਲੋਂ ਸਰੋਤਿਆਂ ਦੀ ਭਰਵੇਂ ਇਕੱਠ ਵਿੱਚ ਲੋਕ ਅਰਪਣ ਕੀਤੀ ਗਈ।



ਇਸ ਕਿਤਾਬ ਬਾਰੇ ਮੰਚ ਸੰਚਾਲਕ ਪ੍ਰੋਫੈਸਰ ਦਲਬੀਰ ਸਿੰਘ ਨੇ ਦੱਸਿਆ ਕਿ ਇਹ ਇੰਗਲਿਸ਼ ਦੀ ਕਿਤਾਬ ਵਿਗਿਆਨਿਕ ਕਲਪਨਾ ਅਤੇ ਫੈਂਟਸੀ ਹੈ ਜਿਸ ਵਿੱਚ ਸਾਹਿਤਕਾਰ ਨੇ ਵਿਲੱਖਣ ਭਾਸ਼ਾ ਦੀ ਵਰਤੋਂ ਕਰਦੇ ਹੋਏ ਭਾਰਤੀ ਪਾਠਕਾਂ ਨੂੰ ਇਕ ਨਵਾਂ ਅਨੁਭਵ ਪ੍ਰਦਾਨ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਹ ਰਚਨਾ ਨਵੀਂ ਪੀੜੀ ਦੇ ਸਾਹਿਤਕਾਰਾਂ ਲਈ ਇੱਕ ਪ੍ਰੇਰਨਾ ਸਰੋਤ ਵੀ ਹੈ। ਇਸ ਤੋਂ ਪਹਿਲਾਂ ਵੀ ਸਾਹਿਬਜੋਤ ਸਿੰਘ ਨੇ ਨੌਵੀਂ ਵਿੱਚ ਪੜ੍ਹਦਿਆਂ ਇੰਗਲਿਸ਼ ਦੀ ਕਵਿਤਾਵਾਂ ਦੀ ਕਿਤਾਬ "ਦੀ ਫਰੋਜਨ ਡਾਇਰੀਜ਼"ਲਿਖੀ ਸੀ , ਜਿਸ ਨੂੰ ਸਰੋਤਿਆਂ ਨੇ ਬਹੁਤ ਸਾਰਾਹਿਆ ਹੈ

ਇਹ ਸੈਮੀਨਾਰ ਸਵਰਗੀਆ ਚਾਚਾ ਹਰਜਿੰਦਰ ਸਿੰਘ ਤਾਂਗੜੀ ਦੀ ਯਾਦ ਨੂੰ ਸਮਰਪਿਤ ਸੀ ਜਿਸ ਵਿੱਚ ਮੁੱਖ ਬੁਲਾਰੇ ਸੱਯਦ ਮੁਹੰਮਦ ਅਸ਼ਰਫ , ਅਸ਼ਰਫੇ- ਮਿਲਤ ਸੇਖਲ ਹਿੰਦ ਅਤੇ ਪ੍ਰੋਫੈਸਰ ਬ੍ਰਹਮ ਜਗਦੀਸ਼ ਸਿੰਘ ਪ੍ਰਸਿੱਧ ਲੇਖਕ ਤੇ ਚਿੰਤਕ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ।

ਇਸ ਸੈਮੀਨਾਰ ਨੂੰ ਸਫਲ ਕਰਨ ਲਈ ਹਰਜੀਤ ਸਿੰਘ ਲਿਲੀ, ਮਨਜੀਤ ਪੁਰੀ ਜਿਲਾ ਭਾਸ਼ਾ ਅਫਸਰ, ਮੰਚ ਸੰਚਾਲਕ ਪ੍ਰੋਫੈਸਰ ਦਲਬੀਰ ਸਿੰਘ , ਪ੍ਰਿੰਸੀਪਲ ਮਨਜੀਤ ਸਿੰਘ ਬੀ ਐਡ ਕਾਲਜ ਅਤੇ ਪ੍ਰਵੀਨ ਕੁਮਾਰ ਕਾਲਾ ਨੇ ਵਿਸ਼ੇਸ਼ ਯੋਗਦਾਨ ਪਾਇਆ।

ਇਸ ਸਮਾਗਮ ਦੌਰਾਨ ਸਾਹਿਤਕਾਰ ਸਾਹਿਬ ਜੋਤ ਸਿੰਘ ਦੇ ਪਰਿਵਾਰਿਕ ਮੈਂਬਰ ਨਾਨਾ ਸਟੇਟ ਅਵਾਰਡੀ ਅਧਿਆਪਕ ਕੁਲਜੀਤ ਸਿੰਘ ਵਾਲੀਆ, ਪਿਤਾ ਹਰਪ੍ਰੀਤ ਸਿੰਘ ,ਮਾਤਾ ਪ੍ਰੋਫੈਸਰ ਪਵਨ ਪ੍ਰੀਤ ਕੌਰ, ਰਾਜਬੀਰ ਕੌਰ ,ਗੁਰਸੇਵਕ ਸਿੰਘ ਵਾਲੀਆ ਤੂੰ ਇਲਾਵਾ ਸਾਬਕਾ ਮੰਤਰੀ ਪੰਜਾਬ ਸਰਕਾਰ ਉਪਿੰਦਰ ਸ਼ਰਮਾ, ਪ੍ਰੋਫੈਸਰ ਐਨ ਕੇ ਗੁਪਤਾ, ਧਰਮਵੀਰ ਸਿੰਘ, ਇੰਦਰਜੀਤ ਸਿੰਘ ਖੀਵਾ, ਦਰਸ਼ਨ ਲਾਲ ਚੁੱਘ ,ਸ੍ਰੀਮਤੀ ਹਰਜਿੰਦਰ ਕੌਰ, ਮਨਜੀਤ ਸਿੰਘ ਵਾਲੀਆ, ਪ੍ਰਿੰਸੀਪਲ ਤਜਿੰਦਰ ਸਿੰਘ ਸੇਠੀ, ਡਾਕਟਰ ਗੁਰਸੇਵਕ ਸਿੰਘ, ਡਾਕਟਰ ਗੁਰਿੰਦਰ ਮੋਹਨ ਸਿੰਘ, ਸਮਾਜ ਸੇਵੀ ਦਵਿੰਦਰ ਸਿੰਘ ਪੰਜਾਬ ਮੋਟਰਜ਼, ਸਤੀਸ਼ ਕੁਮਾਰ ਬਾਗੀ, ਪ੍ਰੇਮ ਕੁਮਾਰ, ਬਲਜੀਤ ਸਿੰਘ ਬਰਾੜ ,ਡਾਕਟਰ ਜਸਵੰਤ ਸਿੰਘ, ਜਤਿੰਦਰ ਸਿੰਘ ਤੋਂ ਇਲਾਵਾ ਕਾਲਜ ਦਾ ਸਮੂਹ ਸਟਾਫ ਅਤੇ ਵਿਦਿਆਰਥੀਆਂ ਨੇ ਪੁੱਜ ਕੇ ਸੈਮੀਨਾਰ ਦੀ ਰੌਣਕ ਵਿੱਚ ਵਾਧਾ ਕੀਤਾ।

## ਨੂੰਹ-ਸੱਸ ਦਾ ਰਿਸ਼ਤਾ

ਵਰਲਡ ਪੰਜਾਬੀ ਟਾਈਮਜ਼
ਰਣਬੀਰ ਸਿੰਘ ਪ੍ਰਿੰਸ



ਥੱਕੀ ਟੁੱਟੀ ਦਫ਼ਤਰ ਤੋਂ,ਘਰ ਜਦ ਆਈ ਸੀ,
ਟੈਨਸਨ ਦੇ ਮਾਰੇ ਜਾਂਦਾ ,ਸਿਰ ਚਕਰਾਈ ਸੀ,
ਸੋਚਿਆ ਸੀ ਘਰ ਜਾ ਕੇ, ਕਰਾਂਗੀ ਆਰਾਮ,
ਇੰਨੇ ਵਿੱਚ ਸਾਸੂ ਮਾਂ ਦਾ,ਆਇਆ ਫ਼ਰਮਾਨ,
ਪੂਜਾ ਦਾ ਸਮਾਨ ਥੋੜ੍ਹਾ, ਹੱਟੀਓਂ ਲਿਆ ਦਿਓ,
ਮੰਦਰ ਮੇਂ ਜਾਣਾ ਜ਼ਰਾ ਪ੍ਰਸ਼ਾਦਿ ਵੀ ਬਣਾ ਦਿਓ,
ਸੁਣ -ਸੁਣ ਗੱਲਾਂ ਮੈਨੂੰ ,ਬਸ ਚੜ੍ਹੇ ਇੱਕ ਉੱਤਰੇ
ਸੱਸ ਵੱਲ ਵੇਖਿਆ ਮੈਂ, ਝੱਟ ਵਾਂਗ ਸਾਨ੍ਹ ਭੂਤਰੇ,
ਨਿੰਮੋਝੂਣੀ ਹੋਈ ਸੱਸ,ਮੇਰੀਚੁੱਪ ਕਰ ਬਹਿ ਗਈ,
ਥੋੜ੍ਹੇ ਚਿਰ ਪਿੱਛੋਂ ਲੈ,ਗਲਾਸ ਪਾਣੀ ਆ ਗਈ,
ਲੈ ਪੁੱਤ ਪਾਣੀ ਪੀ ਕੇ, ਤੂੰ ਥੋੜ੍ਹਾ ਅਰਾਮ ਫ਼ਰਮਾਂ
ਚਾਹ ਦੀ ਮੈਂ ਘੁੱਟ ਦੇਵਾਂ,ਧੀਏ ਤੇਰੇ ਲਈ ਬਣਾਂ,
ਸੱਸ ਦਿਆਂ ਬੋਲਾਂ ਨੇ ,ਥਕੇਵਾਂ ਸਾਰਾ ਲਾਹ ਦਿੱਤਾ,
ਮਾਂ ਦਾ ਰੂਪ ਸੱਸ ਹੁੰਦੀ, ਮੈਨੂੰ ਚੇਤੇ ਕਰਵਾ ਦਿੱਤਾ,
ਮੁਆਫ਼ੀ ਮੰਗੀ ਹੱਥ ਜੋੜ,ਮੈਂ ਵੀ ਦਿੱਤਾ ਸਤਿਕਾਰ ,
ਨਾਲੇ ਕਿਹਾ ਚਲੋ ਮੰਮੀ ਹੋਵੇ ਫ਼ਟਾਫਟ ਤਿਆਰ,
ਮੰਦਰ ਨਹੀਂ ਜਾਣਾ ਤੁਸੀਂ?ਛੱਡੋ ਸਭ ਕੰਮਕਾਰ,
ਅੱਜ ਤੋਂ ਨਾ ਕਰਾਂ ਮਾਏ,ਤੈਨੂੰ ਕਦੇ ਇਨਕਾਰ,
ਬਣਿਆ ਪ੍ਰਿੰਸ ਰਹੇ ਸਦਾ, ਨੂੰਹ ਸੱਸ ਦਾ ਪਿਆਰ,
ਦਿਲ ਤੋਂ ਕਰੂੰਗੀ ਤੇਰਾ , ਪੂਰਾ ਪੂਰਾ ਸਤਿਕਾਰ,


## ਗ਼ਜ਼ਲ

ਵਰਲਡ ਪੰਜਾਬੀ ਟਾਈਮਜ਼
ਬਲਵਿੰਦਰ 'ਬਾਲਮ' ਗੁਰਦਾਸਪੁਰ

ਐਸ਼ ਵੀ ਕੀਤੀ ਤਾਂ ਕੀਤੀ ਰੱਜ ਕੇ।
ਜੇ ਅਸਾਂ ਪੀਤੀ ਤਾਂ ਪੀਤੀ ਰੱਜ ਕੇ।
ਆਸ਼ਕੀ ਦੀ ਅੰਨੀ ਬੋਲੀ ਨੇਰ੍ਹੀਂ,
ਸਾਡੇ ਤੇ ਬੀਤੀ ਤਾਂ ਬੀਤੀ ਰੱਜ ਕੇ।
ਮਿਹਨਤਾਂ ਦੇ ਰੰਗ ਬਿਰੰਗੇ ਧਾਗੇ ਨਾਲ,
ਰੀਝ ਵੀ ਸੀਤੀ ਤਾਂ ਸੀਤੀ ਰੱਜ ਕੇ।
ਲੱਖਾਂ ਕਿਸਮਾਂ ਦੀ ਅਜਬ ਖ਼ੁਸ਼ਬੂ,
ਬਾਗ਼ 'ਚੋਂ ਲੀਤੀ ਤਾਂ ਲੀਤੀ ਰੱਜ ਕੇ।
ਬਾਲਮਾ ਮਟਰ ਗਸ਼ਤੀ ਦੀ ਵੀ ਹੱਦ ਏ,
ਸ਼ਹਿਰ ਵਿਚ ਕੀਤੀ ਤਾਂ ਕੀਤੀ ਰੱਜ ਕੇ।

## ਗੁਰੂ ਗ੍ਰੰਥ ਸਾਹਿਬ ਜੀ***"

ਵਰਲਡ ਪੰਜਾਬੀ ਟਾਈਮਜ਼
ਸੁਰਜੀਤ ਸਾਰੰਗ




ਜਿਸ ਬਾਣੀ ਨੂੰ ਰੱਚ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗੁਰੂ ਅਮਰਦਾਸ ਜੀ ਦਾ ਜੋ ਵਾਕ ਸੀ ਸੱਚ ਕਰ "ਦੋਹਿਤਾ ਬਾਣੀ ਕਾ ਬੋਹਿਤਾ" ਇਸ ਵਰ ਨੂੰ ਸੱਚਾ ਸਾਬਤ ਕੀਤਾ ਹੈ ।

"ਧੁਰ ਕੀ ਬਾਣੀ ਆਈ"
ਗੁਰੂ ਨਾਨਕ ਦੇਵ ਜੀ,
ਗੁਰੂ ਅੰਗਦ ਦੇਵ ਜੀ
ਗੁਰੂ ਅਮਰਦਾਸ ਜੀ
ਗੁਰੂ ਰਾਮਦਾਸ ਜੀ
ਇਹ ਸਾਰੀ ਬਾਣੀ ਰੱਚੀ ਹੈ।

ਇਹ ਬਾਣੀ ਜਿਥੇ ਜਿਥੇ ਸੀ ਇੱਕਠੀ ਕੀਤੀ ਗਈ।ਕਿਤਨੇ ਹੀ ਗੁਰਸਿੱਖਾਂ ਜੋ ਗੁਰੂ ਸਾਹਿਬ ਦੇ ਨਿਕਟਵਰਤੀ ਸਨ।ਕਿਤਨੇ ਕੁ ਲੋਕਾਂ ਜ਼ਬਾਨੀ ਯਾਦ ਸੀ। ਭਗਤਾਂ ਕੋਲ ਲਿਖ਼ਤੀ ਰੂਪ ਵਿਚ ਬਾਣੀ ਵੀ ਸੀ।ਉਹ ਭਗਤ ਹੋਏ ਹਨ।
ਜਿਨ੍ਹਾਂ ਜਿਨ੍ਹਾਂ ਭਗਤਾ ਨੇ ਪਰਮੇਸ਼ੁਰ ਪ੍ਰਭੂ ਪਰਥਾਏ ਉਸਤਤ ਕੀਤੀ।
ਬਾਣੀ ਉਚਾਰਨ ਕੀਤੀ ਭਾਂਵੇ ਉਹ ਭਗਤ ਮੁਸਲਮਾਨ ਜਾਤੀ, ਨੀਵੀਂ ਜਾਤੀ ਦੇ ਸਨ।
ਪਰ ਗੁਰੂ ਜੀ ਨੇ ਉਨ੍ਹਾਂ ਭਗਤਾਂ ਦੀ ਬਾਣੀ ਨੂੰ ਇਕੱਤਰ ਕੀਤਾ।
ਜਿਸ ਦਾ ਗੁਰੂ ਅਰਜਨ ਦੇਵ ਜੀ ਨੇ ਸਮੂਹ ਬਾਣੀ ਦੀ ਸੁਧਾਈ ਦਾ ਕਾਰਜ ਸੰਮਤ੧੬੫੫ਵਿਚ ਚਾਲੂ ਕੀਤਾ ਗਿਆ ਸੀ। ਇਸ ਬਾਣੀ ਦੀਆਂ ਲਿਖ਼ਤੀ ਤੌਰ ਤੇ ਸੈਂਚੀਆਂ ਬਾਬਾ ਮੋਹਨ ਜੀ ਪਾਸ ਗੋਇੰਦਵਾਲ ਸਾਹਿਬ ਵਿਖੇ ਸਨ। ਜਿਨ੍ਹਾਂ ਨੂੰ ਲਿਆਉਣ ਵਾਸਤੇ ਬਾਬਾ ਬੁੱਢਾ ਜੀ ਤੇ ਬਾਬਾ ਗੁਰਦਾਸ ਜੀ ਨੂੰ ਭੇਜਿਆ। ਬਾਬਾ ਮੋਹਨ ਜੀ ਨੇ ਇਨਕਾਰ ਕਰ ਦਿੱਤਾ। ਫਿਰ ਗੁਰੂ ਅਰਜਨ ਦੇਵ ਜੀ ਸੰਗਤਾਂ ਨੂੰ ਲੈ ਕੇ ਗੋਇੰਦਵਾਲ ਉਸ ਅਸਥਾਨ ਪੁੱਜੇ। ਜਿਥੇ ਬਾਬਾ ਮੋਹਨ ਜੀ ਰਹਿੰਦੇ ਸਨ।
ਜਦੋਂ ਗੁਰੂ ਜੀ ਨੇ ਦੇਖਿਆ ਮੋਹਨ ਜੀ ਭਜਨ ਬੰਦਗੀ ਵਿਚ ਲੀਨ ਹਨ।ਸਮਾਧੀ ਲੱਗੀ ਹੋਈ ਹੈ।
ਗੁਰੂ ਜੀ ਨੇ ਸੁਰੰਦਾ ਵਜਾਇਆ ਤੇ ਮਿੱਠੀ ਸੁਰ ਦੇ ਨਾਲ ਇਹ ਸ਼ਬਦ ਗਾਇਨ ਕੀਤਾ"ਮੋਹਨ ਤੇਰੇ ਊਚੇ ਮੰਦਰ ਮਹਲ ਅਪਾਰਾ।। ਮੋਹਨ ਤੇਰੇ ਸੋਹਨਿ ਦੁਆਰ ਜੀਉ ਸੰਤ ਧਰਮਸਾਲਾ।।
ਜਦੋਂ ਮੋਹਨ ਜੀ ਨੇ ਗੁਰੂ ਜੀ ਦੀ ਰਸਨਾ ਤੋਂ ਇਹ ਸੁਣਿਆ
ਬਾਬਾ ਜੀ ਸਮਾਧੀ ਖੁਲ੍ਹ ਗਈ।
ਬਾਬਾ ਜੀ ਚੁਬਾਰੇ ਤੋਂ ਉਤਰ ਕੇ
ਗੁਰੂ ਜੀ ਦੇ ਕੋਲ ਖੜੇ ਹੋਏ।
ਬਾਬਾ ਮੋਹਨ ਜੀ ਬੜੈ ਗੁਰਿਜ ਨਾਲ ਬੋਲੇ ਹੁਣ ਕੀ ਲੈਣ ਆਇਏ ਹੋ।
ਪਹਿਲਾਂ ਤਾਂ ਪਿਤਾ ਜੀ ਪਾਸੋਂ ਸਾਡੀ ਗੁਰਤਾ ਵਸਤ ਲੈ ਗਏ ਹੋ ਹੂਣ ਬਾਣੀ ਵੀ ਲੈਣ ਆਏ ਹੋ।
ਗੁਰੂ ਜੀ ਨੇ ਦੋ ਅੰਕ ਹੋਰ ਗਾਇਣ ਕਰ ਦਿੱਤੇ।ਮੋਹਨ ਜੀ ਦਾ ਦਿਲ ਮੋਮ ਹੋ ਗਿਆ।
ਬੜਾ ਆਦਰ ਸਤਿਕਾਰ ਕੀਤਾ ਫਿਰ ਸੈਚੀਆਂ ਗੁਰੂ ਜੀ ਨੂੰ ਸੌਂਪ ਦਿੱਤੀ।
ਗੁਰੂ ਜੀ ਨੇ ਪਾਲਕੀ ਤਿਆਰ ਕਰਕੇ ਸ੍ਰੀ ਅੰਮ੍ਰਿਤਸਰ ਸਾਹਿਬ ਕੀਰਤਨ ਕਰਦੇ ਹੋਏ।ਆਏ।ਤੇ ਭਗਤਾਂ ਦੀ ਬਾਣੀ ਵੀ ਤਰਤੀਬ ਨਾਲ ਇਸ ਵਿਚ ਰੱਖੀ।
ਜਿਸ ਗ੍ਰੰਥ ਦਾ ਪ੍ਰਕਾਸ਼ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਖੇ ਕੀਤਾਂ ਉਸ ਦੇ ਪਹਿਲੇ ਗ੍ਰੰਥੀ ਬਾਬਾ ਬੁੱਢਾ ਜੀ ਨੂੰ ਥਾਪਿਆ ਗਿਆ
ਇਹ ਬੀੜ ਧੀਰਮਲੀਏ ਸੋਢੀ ਕਰਤਾਰ ਪੁਰ ਪਾਸ ਹੈ।
ਗੁਰੂ ਦਸ਼ਮੇਸ਼ ਪਿਤਾ ਜੀ ਨੇ ਬੀੜ ਮੰਗੀ ਨਹੀਂ ਦਿੱਤੀ।ਗੁਰੂ ਜੀ ਨੇ ਆਪ ਬੀੜ ਸਾਹਿਬ ਲਿਖਵਾਈ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਦਰਜ਼ ਕੀਤੀ।ਤੇ ਸਭ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲੱਗਾ ਕੇ ਸਭ ਨੂੰ ਗੁਰੂ ਮੰਨਣ ਬਾਰੇ ਦਸਿਆ।
ਅੱਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਪੁਰਬ ਹੈ।ਸਭ ਨੂੰ ਲੱਖ ਲੱਖ ਵਧਾਈਆਂ ਹੋਣ ਜੀ।

## ਵੱਡੇ ਭਾਅ ਜੀ ਗੁਰਦਿਆਲ ਸਿੰਘ ਦਾ ਵਿਛੋੜਾ

ਵਰਲਡ ਪੰਜਾਬੀ ਟਾਈਮਜ਼
ਗੁਰਭਜਨ ਗਿੱਲ



ਮੇਰੇ ਤਾਇਆ ਜੀ ਸ. ਖ਼ਜ਼ਾਨ ਸਿੰਘ ਦੇ ਵੱਡੇ ਪੁੱਤਰ ਸ. ਗੁਰਦਿਆਲ ਸਿੰਘ ਕੱਲ੍ਹ ਸਦੀਵੀ ਵਿਛੋੜਾ ਦੇ ਗਏ ਨੇ। ਸੰਨ ਸੰਤਾਲੀ ਵੇਲੇ ਉਹ ਵਿਆਹੇ ਵਰੇ ਭਰ ਜਵਾਨ ਗੱਭਰੂ ਸਨ। ਦੋ ਬਲਦਾਂ ਦੀ ਜੋਗ ਨੂੰ ਆਪਸ ਚ ਨੱਥ ਕੇ ਰਾਵੀ ਪਾਰ ਕਰਨ ਵਾਲੇ ਸਾਡੇ ਵੱਡੇ ਵੀਰ ਨੂੰ ਉਦੋਂ ਹੀ ਪਤਾ ਸੀ ਕਿ ਗੋਕਾ ਡੰਗਰ ਨਾ ਡੁੱਬਦਾ ਹੈ ਨਾ ਡੁੱਬਣ ਦੇਂਦਾ ਹੈ। ਬਿਨਾ ਵੇਦ ਕਤੇਬ ਪੜ੍ਹਿਆਂ ਉਸ ਨੂੰ ਪਤਾ ਸੀ ਕਿ ਬੈਤਰਨੀ ਨਦੀ ਪਾਰ ਕਰਨ ਲਈ ਗਊ ਦੀ ਪੂਛ ਫੜ ਕੇ ਹੀ ਪਾਰ ਲੱਗਿਆ ਦਾ ਸਕਦਾ ਹੈ।
ਕਿਰਤ ਨੂੰ ਪਰਣਾਏ ਸਾਡੇ "ਭਾਅ" ਨੇ ਭਾਬੀ ਗੁਰਚਰਨ ਕੌਰ ਦੇ ਸੰਗ ਸਾਥ ਲੰਮਾ ਸੰਘਰਸ਼ ਕਰਕੇ ਬਹੁਤ ਕੁਝ ਉਸਾਰਿਆ। ਰਬੜ ਦੇ ਪਹੀਆਂ ਵਾਲੀ ਵੱਡੀ ਰੇੜ੍ਹੀ ਤੇ ਢਾਈ ਮਣੀ ਬੋਰੀ ਲੱਦਦਿਆਂ ਉਸ ਦੀ ਵਗਣੀ ਵੇਖਣ ਵਾਲੀ ਹੁੰਦੀ ਸੀ।
ਉਦੋਂ ਅੱਜ ਵਾਲਾ ਕਾਹਲੀ ਵਾਲਾ ਟਰਾਲੀ ਯੁਗ ਨਹੀਂ ਸੀ, ਲਗ ਪਗ ਸੱਠ ਸਾਲ ਪਹਿਲਾਂ। ਸਾਡੇ ਪਿੰਡੋਂ ਸ਼ਾਮ ਨੂੰ ਗੱਡੇ ਤੁਰਦੇ, ਰਾਤੋ ਰਾਤ ਵਟਾਲੇ ਤੇ ਸਵੇਰੇ ਵਾਪਸ ਧਿਆਨਪੁਰ,ਕਰਿਆਨੇ ਵਾਲਿਆਂ ਦਾ ਸਮਾਨ ਲੱਦ ਕੇ।
ਭਾਅ ਲੋਹੇ ਦਾ ਮਰਦ ਸੀ। ਹਠੀਲਾ, ਗਠੀਲਾ ਤੇ ਫੁਰਤੀਲਾ।
ਸਦੀ ਲੰਮਾ ਸਫ਼ਰ ਕਰਨ ਵਾਲਾ ਸਾਡੇ ਸਾਰੇ ਟੱਬਰ ਦਾ ਵੱਡਾ ਵੀਰ ਅਲਵਿਦਾ ਕਹਿ ਗਿਆ 19 ਸਤੰਬਰ ਦੀ ਰਾਤ।
ਮਨ ਉਦਾਸ ਹੈ!
28ਸਤੰਬਰ ਨੂੰ ਅੰਤਿਮ ਅਰਦਾਸ ਹੋ ਜਾਵੇਗੀ ਸਾਡੇ ਪਿੰਡ ਬਸੰਤਕੋਟ(ਗੁਰਦਾਸਪੁਰ) ।
ਪਿੰਡ ਛੱਡਿਆਂ ਮੈਨੂੰ ਤਰਵੰਜਾ ਸਾਲ ਹੋ ਗਏ ਨੇ। ਤਾਇਆ, ਤਾਈ, ਮਾਪੇ ਤੇ ਚਾਚੀਆਂ ਚਾਚੇ ਸਭ ਚਲੇ ਗਏ ਨੇ। ਦੂਰ ਤੀਕ ਕੁਝ ਨਹੀਂ ਲੱਭ ਰਿਹਾ। ਜੀਉਣ ਜਾਗਣ ਇਨ੍ਹਾਂ ਦੇ ਵਾਰਸ, ਪਰ ਭਾਬੀ ਗੁਰਚਰਨ ਕੌਰ ਵਰਗੀਆਂ ਸੇਂਵੀਆਂ ਕੋਈ ਨਹੀਂ ਬਣਾ ਸਕਦਾ। ਚਾਚੀ ਜੀ ਗੁਰਦੀਪ ਕੌਰ ਵਰਗੇ ਵੜੀਆਂ ਵਾਲੇ ਹਲਦੀ ਰੰਗੇ ਬਾਸਮਤੀ ਦੇ ਮਹਿਕੰਦੜੇ ਚੌਲ ਅੱਜ ਵੀ ਪਿੱਛਾ ਕਰਦੇ ਨੇ। ਮੇਰੀ ਮਾਂ ਹਰ ਵਿਸਾਖੀ ਤੇ ਗੁੜ ਵਾਲੇ ਗੁਣੇ ਤਲਦੀ ਜੋ ਅਸੀਂ ਮਹੀਨਾ ਭਰ ਖਾਈ ਜਾਂਦੇ।
ਯਾਦਾਂ ਦੇ ਪਰਛਾਵੇਂ ਲਮਕ ਰਹੇ ਨੇ ਸੁੱਤਿਆਂ ਜਾਗਦਿਆਂ।
ਸਾਡੇ ਵੱਡਿਆਂ ਵਿੱਚੋਂ ਆਖ਼ਰੀ ਨਿਸ਼ਾਨ ਵੀ ਮਿਟ ਗਿਆ।
ਇਸ ਦਰਦ ਦਾ ਕੋਈ ਨਾਂ ਨਹੀਂ ਹੈ।


## ਪੰਜਾਬੀ ਸਿਨੇਮਾ ਨੂੰ ਵਿਲੱਖਣਤਾਂ ਦੇ ਨਵੇਂ ਰੰਗਾਂ ਚ ਰੰਗੇਗੀ ਫਵਾਦ ਖਾਨ ਦੀ ਫਿਲਮ 'ਦ ਲੀਜੈਂਡ ਆਫ ਮੌਲਾ ਜੱਟ'

ਵਰਲਡ ਪੰਜਾਬੀ ਟਾਈਮਜ਼
ਹਰਜਿੰਦਰ ਸਿੰਘ ਜਵੰਦਾ



ਦੱਖਣੀ ਏਸ਼ੀਆਈ ਸਿਨੇਮਾਲਈ ਇੱਕ ਮਹੱਤਵਪੂਰਨ ਵਿਕਾਸ ਦੀ ਲੜੀ ਵਿੱਚ, ਖੇਤਰ ਦੇ ਸਭ ਤੋਂ ਵੱਡੇ ਬਲਾਕਬਸਟਰਾਂ ਵਿੱਚੋਂ ਇੱਕ, 'ਦ ਲੀਜੈਂਡ ਆਫ਼ ਮੌਲਾ ਜੱਟ', ਅਗਲੇ ਮਹੀਨੇ ਦੇ ਸ਼ੁਰੂ ਵਿੱਚ ਆਪਣੀ ਭਾਰਤੀ ਸ਼ੁਰੂਆਤ ਕਰਨ ਲਈ ਤਿਆਰ ਹੈ। ਬਿਲਾਲ ਲਾਸ਼ਾਰੀ ਦੁਆਰਾ ਨਿਰਦੇਸ਼ਤ, ਇਹ ਸਿਨੇਮੈਟਿਕ ਡਰਾਮਾ ਪਹਿਲਾਂ ਹੀ ਗਲੋਬਲ ਪ੍ਰਸ਼ੰਸਾ ਪ੍ਰਾਪਤ ਕਰ ਚੁੱਕੀ ਹੈ, ਅਤੇ ਕਿਆਸ ਲਗਾਏ ਜਾ ਰਹੇ ਹਨ ਕਿ ਜ਼ੀ ਸਟੂਡੀਓਜ਼ ਇਸ ਮਹਾਂਕਾਵਿ ਫਿਲਮ ਨੂੰ ਭਾਰਤੀ ਦਰਸ਼ਕਾਂ ਲਈ ਲਿਆਉਣ ਵਾਲਾ ਪ੍ਰਮੁੱਖ ਭਾਰਤੀ ਵਿਤਰਕ ਹੋ ਸਕਦਾ ਹੈ।ਫਵਾਦ ਖਾਨ, ਮਾਹਿਰਾ ਖਾਨ, ਹਮਜ਼ਾ ਅਲੀ ਅੱਬਾਸੀ, ਅਤੇ ਹੁਮੈਮਾ ਮਲਿਕ ਦੀ ਸਟਾਰ-ਸਟੱਡਡ ਕਾਸਟ ਹੈ, ਇਹ ਫਿਲਮ ਮੌਲਾ ਅਤੇ ਨੂਰੀ ਵਿਚਕਾਰ ਕਲਾਸਿਕ ਦੁਸ਼ਮਣੀ ਦੀ ਕਾਲਪਨਿਕ ਪੁਨਰ-ਕਲਪਨਾ ਪੇਸ਼ ਕਰਦੀ ਹੈ। ਅਸਲ ਵਿੱਚ ਫ਼ਿਲਮ ਦਸੰਬਰ 2022 ਵਿੱਚ ਰਿਲੀਜ਼ ਹੋਣ ਲਈ ਤੈਅ ਕੀਤੀ ਗਈ ਸੀ, ਫਿਲਮ ਦੀ ਭਾਰਤੀ ਐਂਟਰੀ ਵਿੱਚ ਦੇਰੀ ਹੋ ਗਈ ਸੀ, ਪਰ ਨਵੀਨਤਮ ਚਰਚਾ ਇਹ ਸੰਕੇਤ ਦਿੰਦੀ ਹੈ ਕਿ ਉਡੀਕ ਜਲਦੀ ਹੀ ਖਤਮ ਹੋ ਸਕਦੀ ਹੈ। ਕੈਨੇਡਾ, ਅਮਰੀਕਾ ਅਤੇ ਯੂ.ਕੇ. ਸਮੇਤ ਅੰਤਰਰਾਸ਼ਟਰੀ ਬਾਜ਼ਾਰਾਂ ਵਿੱਚ ਆਪਣੀ ਸ਼ਾਨਦਾਰ ਕਾਰਗੁਜ਼ਾਰੀ ਦੇ ਨਾਲ, ਦ ਲੀਜੈਂਡ ਆਫ਼ ਮੌਲਾ ਜੱਟ ਨੂੰ ਭਾਰਤ ਵਿੱਚ ਆਪਣੀ ਸਫਲਤਾ ਜਾਰੀ ਰੱਖਣ ਦੀ ਬਹੁਤ ਉਮੀਦ ਹੈ। ਇਹ ਰਿਲੀਜ਼ ਨਾ ਸਿਰਫ਼ ਸਰਹੱਦ-ਪਾਰ ਸਿਨੇਮੈਟਿਕ ਆਦਾਨ-ਪ੍ਰਦਾਨ ਵਿੱਚ ਇੱਕ ਮਹੱਤਵਪੂਰਨ ਮੀਲ ਪੱਥਰ ਨੂੰ ਦਰਸਾਉਂਦੀ ਹੈ ਬਲਕਿ ਫਿਲਮ ਦੀ ਸ਼ਕਤੀ ਦੁਆਰਾ ਸੱਭਿਆਚਾਰਕ ਸਬੰਧਾਂ ਨੂੰ ਵੀ ਮਜ਼ਬੂਤ ਕਰੇਗੀ।


## ,,'ਕਿਤਾਬ ਦੀ ਘੁੰਡ ਚੁਕਾਈ,,




ਵਰਲਡ ਪੰਜਾਬੀ ਟਾਈਮਜ਼
ਹਰਪ੍ਰੀਤ ਪੱਤੋ

ਪਿਛਲੇ ਦਿਨੀਂ ਹਰਭਜਨ ਸਿੰਘ ਭੱਗਰਥ ਜੀ ਦੀ ਕਿਤਾਬ ਜਿਸ ਦੀਆਂ ਉਨਾਹਟ 59 ਕਿਸ਼ਤਾਂ ਤੇ ਇੱਕ ਸੌ ਚਾਰ ਪੰਨੇ ਹਨ। ਸਫ਼ਰਨਾਮਾ "ਸਪਤ ਸ੍ਰਿੰਗ" ਯਾਤਰਾ ਸ੍ਰੀ ਹੇਮਕੁੰਟ ਸਾਹਿਬ ਜੀ
ਨੂੰ ਪੰਜਾਬੀ ਸਾਹਿਤ ਸਭਾ ਕੇਂਦਰ ਤਰਨਤਾਰਨ ਵੱਲੋਂ ਰੀਲੀਜ਼ ਕੀਤਾ ਗਿਆ। ਇਸ ਕਿਤਾਬ ਵਿੱਚ ਭੱਗਰਥ ਜੀ ਨੇ ਯਾਤਰਾ ਦੌਰਾਨ ਜੋ ਵੀ ਆਪਣੇ ਸਾਥੀ ਬਾਬਾ ਬੂਟ ਜੀ, ਨਾਲ ਰਹਿ ਕੇ ਅਨੁਭਵ ਕੀਤਾ ਉਹ ਪਾਠਕਾਂ ਨਾਲ ਹੂਬਹੂ ਸਾਂਝਾ ਕੀਤਾ। ਇਸ ਯਾਤਰਾ ਦੌਰਾਨ ਬੜੇ ਉਤਰਾ ਚੜ੍ਹਾ ਆਏ, ਜਿਨ੍ਹਾਂ ਨੂੰ ਉਹਨਾਂ ਨੇ ਖਿੜੇ ਮੱਥੇ ਪ੍ਰਵਾਨ ਕੀਤਾ। ਇਸ ਕਿਤਾਬ ਵਿੱਚ ਪ੍ਰਮਾਤਮਾ ਪ੍ਰਤੀ ਸ਼ਰਧਾ ਭਾਵਨਾ ਆਤਮਕ ਅਨੰਦ ਪਾਠਕਾਂ ਨੂੰ ਵੀ ਆਪਣੇ ਵਿੱਚ ਜੁੜ ਜਾਣ ਲਈ ਪ੍ਰੇਰਿਤ ਕਰਦਾ ਹੈ। ਕੁਦਰਤੀ ਖ਼ੂਬਸੂਰਤ ਨਜ਼ਾਰਿਆਂ ਨੂੰ ਤੱਕਦਾ ਮਨੁੱਖ ਵਿਸਮਾਦ ਵਿੱਚ ਚਲਾ ਜਾਂਦਾ ਹੈ। ਅਸੀਂ ਪੁਸਤਕ ਨੂੰ ਪੜ੍ਹਕੇ ਘਰ ਬੈਠੇ ਯਾਤਰਾ ਦਾ ਅਨੰਦ ਮਾਣ ਸਕਦੇ ਹਾਂ। ਸੰਪਾਦਕ ਜੀ ਨੇ ਵੀ ਬੜੇ ਵਧੀਆ ਢੰਗ ਨਾਲ ਛਾਪਿਆ ਤੇ ਅਲੋਚਕਾਂ ਨੇ ਵੀ ਇਸ ਕਿਤਾਬ ਸਪਤ ਸ੍ਰਿੰਗ ਨੂੰ ਖੂਬ ਸਲਾਹਿਆ। ਸਾਨੂੰ ਸਾਰਿਆਂ ਨੂੰ ਇਹ ਕਿਤਾਬ ਜ਼ਰੂਰ ਪੜ੍ਹਨੀ ਚਾਹੀਦੀ ਹੈ। ਆਪਣੇ ਘਰਾਂ ਲਾਇਬ੍ਰੇਰੀਆਂ ਵਿੱਚ ਰੱਖਣੀ ਚਾਹੀਦੀ ਹੈ।
ਕੁੱਲ ਮਿਲਾ ਕੇ ਮੈ ਇਸ ਕਿਤਾਬ ਨੂੰ ਪੜ੍ਹਕੇ ਜੋ ਕੁਝ ਮਹਿਸੂਸ ਕੀਤਾ ਉਹ ਸ਼ਬਦਾਂ ਵਿੱਚ ਬਿਆਨ ਕਰਨਾ ਮੁਸ਼ਕਲ ਹੈ।
"ਭੱਗਰਥ ਜੀ! ਕਿਸੇ ਸਰੀਰ ਦਾ ਨਾਂ ਨਹੀਂ, ਇਹ ਤਾਂ ਇੱਕ ਜੋਤ ਭਾਵ ਇੱਕ ਕੁਦਰਤੀ ਮਹਿਕ ਦਾ ਨਾਂ ਹੈ।
ਜੋ ਪਾਠਕਾਂ ਦੇ ਮਨ ਮੰਤਰ ਮੁਗਧ ਕਰ ਰਹੀ ਹੈ।
ਸਾਡੇ ਵੱਲੋਂ ਭੱਗਰਥ ਜੀ ਨੂੰ ਇਸ ਕਿਤਾਬ ਰਾਹੀਂ ਧਾਰਮਿਕ ਯਾਤਰਾ ਨੂੰ ਸਾਂਝੀ ਕਰਨ ਦੀਆਂ ਲੱਖ ਲੱਖ ਮੁਬਾਰਕਾਂ ਹੋਣ।
ਅੱਗੇ ਤੋਂ ਸਾਡੇ ਨਾਲ ਆਪਣੇ ਅਨੁਭਵ ਲਿਖਤਾਂ ਰਾਹੀਂ ਸਾਂਝੇ ਕਰਦੇ ਰਹਿਣ।

# ਫਰੀਦਾ ਬੁਰੇ ਦਾ ਭਲਾ ਕਰਿ~



ਵਰਲਡ ਪੰਜਾਬੀ ਟਾਈਮਜ਼
ਪ੍ਰੋ. ਨਵ ਸੰਗੀਤ ਸਿੰਘ

ਸੂਫੀ ਦਰਵੇਸ਼ਾਂ ਵਿਚ ਬਾਬਾ ਸ਼ੇਖ ਫ਼ਰੀਦ ਸਭ ਤੋ ਸ਼੍ਰੋਮਣੀ ਹੋ ਗੁਜ਼ਰੇ ਹਨ। ਉਨ੍ਹਾਂ ਨੂੰ ਪੰਜਾਬੀ ਦੇ ਆਦਿ-ਕਵੀ ਹੋਣ ਦਾ ਮਾਣ ਪ੍ਰਾਪਤ ਹੈ। ਪੰਜਾਬੀ ਦੇ ਸੂਫ਼ੀ ਕਵੀਆਂ ਵਿੱਚ ਵੀ ਉਨ੍ਹਾਂ ਦਾ ਸਥਾਨ ਸਭ ਤੋਂ ਪਹਿਲਾ ਹੈ। ਆਪ ਦੇ ਜੀਵਨ-ਕਾਲ ਬਾਰੇ ਵਿਦਵਾਨਾਂ ਦੇ ਵੱਖ-ਵੱਖ ਵਿਚਾਰ ਹਨ, ਪਰ ਸਰਬਸੰਮਤੀ ਨਾਲ ਉਨ੍ਹਾਂ ਦਾ ਸਮਾਂ 1173 ਤੋਂ 1266 ਈ. ਮੰਨਿਆ ਗਿਆ ਹੈ। ਆਪ ਦਾ ਜਨਮ ਖੋਤਵਾਲ/ਕੋਠੇਵਾਲ, ਮੁਲਤਾਨ (ਪਾਕਿਸਤਾਨ) ਵਿਖੇ ਸ਼ੇਖ ਜਮਾਲੁਦੀਨ ਦੇ ਘਰ ਬੀਬੀ ਕੁਰਸੁਮ ਦੀ ਕੁੱਖੋਂ ਹੋਇਆ। ਇਤਿਹਾਸਕ ਹਵਾਲਿਆਂ ਅਨੁਸਾਰ ਆਪਦੀਆਂ ਤਿੰਨ ਬੇਗਮਾਂ ਸਨ- ਬੀਬੀ ਹਜ਼ਬਰਾ (ਸੁਲਤਾਨ ਬਲਬਨ ਦੀ ਬੇਟੀ), ਬੀਬੀ ਸ਼ਾਰਦਾ ਅਤੇ ਬੀਬੀ ਸ਼ਕਰ। ਆਪ ਦੇ ਪੰਜ ਪੁੱਤਰਾਂ ਅਤੇ ਤਿੰਨ ਧੀਆਂ ਦਾ ਜ਼ਿਕਰ ਵੀ ਵਿਦਵਾਨਾਂ ਨੇ ਕੀਤਾ ਹੈ, ਜਿਨ੍ਹਾਂ ਵਿੱਚ ਖਵਾਜਾ ਨਸੀਰੂਦੀਨ, ਖਵਾਜਾ ਸਿਹਾਬੁਦੀਨ, ਸ਼ੇਖ ਬਦਰੁਦੀਨ ਸੁਲੇਮਾਨ, ਸ਼ੇਖ ਨਿਜ਼ਾਮੁਦੀਨ, ਸ਼ੇਖ ਯਾਕੂਬ (ਸਾਰੇ ਪੁੱਤ) ਬੀਬੀ ਮਸਤੂਰਾ, ਬੀਬੀ ਸ਼ਰੀਫਾ ਅਤੇ ਬੀਬੀ ਫ਼ਾਤਿਮਾ (ਸਾਰੀਆਂ ਧੀਆਂ) ਦਾ ਨਾਂ ਸ਼ਾਮਲ ਹੈ। ਬਾਬਾ ਫ਼ਰੀਦ ਜੀ ਦੇ ਬੇਟੇ-ਬੇਟੀਆਂ ਨੇ ਵੀ ਸੂਫ਼ੀ ਦਰਵੇਸ਼ੀ ਜੀਵਨ ਧਾਰਨ ਕੀਤਾ ਅਤੇ ਅਧਿਆਤਮਕ ਮਾਰਗ ਦੇ ਪਾਂਧੀ ਬਣ ਕੇ ਇਸ ਜੀਵਨ-ਜਾਚ ਦੇ ਪ੍ਰਚਾਰ-ਪ੍ਰਸਾਰ ਲਈ ਕਾਰਜਸ਼ੀਲ ਰਹੇ।

ਸ਼ੇਖ ਫ਼ਰੀਦ ਦਾ ਪੂਰਾ ਨਾਂ ਸ਼ੇਖ ਫ਼ਰੀਦੁਦੀਨ ਮਸਊਦ ਗੰਜ- ਏ-ਸ਼ਕਰ ਸੀ। ਆਪ ਦੀ ਮਾਤਾ, ਜੋ ਖੁਦ ਧਾਰਮਿਕ ਬਿਰਤੀ ਵਾਲੀ ਨੇਕਦਿਲ ਔਰਤ ਸੀ, ਨੇ ਆਪ ਨੂੰ ਪੰਜ ਵੇਲੇ ਦੀ ਨਮਾਜ਼ ਅਦਾ ਕਰਨ ਦੀ ਚੇਟਕ ਲਾਈ। ਆਪਨੇ ਮੁੱਢਲੀ ਵਿੱਦਿਆ ਪਿੰਡ ਦੇ ਮਦਰੱਸੇ ਤੋਂ ਹਾਸਲ ਕੀਤੀ ਅਤੇ ਪਿੱਛੋਂ ਅਠਾਰਾਂ ਸਾਲ ਦੀ ਉਮਰ ਵਿਚ ਮੁਲਤਾਨ ਆ ਕੇ ਅਰਬੀ, ਫ਼ਾਰਸੀ, ਕੁਰਾਨ, ਹਦੀਸ ਬਾਰੇ ਵਿਸਤ੍ਰਿਤ ਜਾਣਕਾਰੀ ਹਾਸਲ ਕੀਤੀ। ਆਪਨੇ ਛੇਤੀ ਹੀ ਕੁਰਾਨ ਸ਼ਰੀਫ ਜ਼ਬਾਨੀ ਯਾਦ ਕਰ ਲਈ। ਮੁਲਤਾਨ ਰਹਿੰਦਿਆਂ ਹੀ ਉਹ ਸੂਫ਼ੀਆਂ ਦੇ ਚਿਸ਼ਤੀ ਸਿਲਸਿਲੇ ਦੇ ਮੁਖੀ ਖਵਾਜਾ ਕੁਤਬੁਦੀਨ ਬਖ਼ਤਿਆਰ ਕਾਕੀ ਨੂੰ ਮਿਲੇ ਅਤੇ ਪਿੱਛੋਂ ਇਸ ਸੰਪਰਦਾਇ ਦੀ ਵਾਗਡੋਰ ਸੰਭਾਲ ਲਈ।

ਸ਼ੇਖ ਫਰੀਦ ਜੀ ਦੀ ਪ੍ਰਮਾਣਿਕ ਬਾਣੀ ਨੂੰ ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਉਦਾਸੀਆਂ ਦੌਰਾਨ ਪਾਕਪਟਨ ਤੋਂ ਸ਼ੇਖ ਬ੍ਰਹਮ ਪਾਸੋਂ ਹਾਸਲ ਕੀਤਾ ਅਤੇ ਪਿੱਛੋਂ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ (1604 ਈ.) ਸਮੇਂ ਇਸ ਨੂੰ ਢੁਕਵਾਂ ਸਥਾਨ ਪ੍ਰਦਾਨ ਕੀਤਾ। ਗੁਰੂ ਗ੍ਰੰਥ ਸਾਹਿਬ ਵਿੱਚ ਆਪ ਦੇ ਰਚੇ ਚਾਰ ਸ਼ਬਦ (ਦੋ ਰਾਗ ਆਸਾ ਵਿੱਚ, ਪੰਨਾ 488; ਅਤੇ ਦੋ ਰਾਗ ਸੂਹੀ ਵਿੱਚ, ਪੰਨਾ 794) ਅਤੇ 'ਸਲੋਕ ਸੇਖ ਫਰੀਦ ਕੇ' (ਪੰਨੇ 1377 ਤੋਂ 1384 ਤਕ) ਸਿਰਲੇਖ ਹੇਠ 130 ਸ਼ਲੋਕ ਪ੍ਰਾਪਤ ਹੁੰਦੇ ਹਨ। ਇਨ੍ਹਾਂ ਚੋਂ 112 ਸ਼ਲੋਕ ਫ਼ਰੀਦ ਜੀ ਦੇ ਆਪਣੇ ਲਿਖੇ ਹੋਏ ਹਨ, ਜਦਕਿ 18 ਸ਼ਲੋਕ ਵੱਖ-ਵੱਖ ਗੁਰੂ ਸਾਹਿਬਾਨ ਦੁਆਰਾ ਰਚੇ ਹੋਏ ਹਨ। ਇਨ੍ਹਾਂ ਅਠਾਰਾਂ ਸ਼ਲੋਕਾਂ ਦਾ ਮੁਕੰਮਲ ਵੇਰਵਾ ਇਸ ਤਰ੍ਹਾਂ ਹੈ:

* ਗੁਰੂ ਨਾਨਕ ਦੇਵ ਜੀ (ਚਾਰ ਸ਼ਲੋਕ) : ਨੰ. 32, 113, 120, 124.

* ਗੁਰੂ ਅਮਰਦਾਸ ਜੀ (ਪੰਜ ਸ਼ਲੋਕ) : ਨੰ. 13, 52, 104, 122, 123.

* ਗੁਰੂ ਰਾਮਦਾਸ ਜੀ (ਇੱਕ ਸ਼ਲੋਕ) : ਨੰ.121.

* ਗੁਰੂ ਅਰਜਨ ਦੇਵ ਜੀ (ਅੱਠ ਸ਼ਲੋਕ) : ਨੰ. 75, 82, 83, 105, 108, 109, 110, 111.

ਫ਼ਰੀਦ ਜੀ ਦੇ ਬਹੁਤ ਸ਼ਲੋਕ ਤਾਂ ਦੋ-ਦੋ ਪੰਕਤੀਆਂ ਵਾਲ਼ੇ ਹੀ ਹਨ, ਪਰ ਕੁਝ ਇੱਕ ਸ਼ਲੋਕਾਂ ਵਿੱਚ ਪੰਕਤੀਆਂ ਦੀ ਗਿਣਤੀ ਵਧ ਵੀ ਹੈ, ਜਿਵੇਂ ਸ਼ਲੋਕ ਨੰ. 1 (ਅੱਠ ਪੰਕਤੀਆਂ), ਸ਼ਲੋਕ ਨੰ. 100 (ਛੇ ਪੰਕਤੀਆਂ), ਸ਼ਲੋਕ ਨੰ. 98, 99 (ਚਾਰ-ਚਾਰ ਪੰਕਤੀਆਂ), ਸ਼ਲੋਕ ਨੰ. 49, 97 (ਤਿੰਨ-ਤਿੰਨ ਪੰਕਤੀਆਂ)। ਇਵੇਂ ਹੀ ਇਨ੍ਹਾਂ ਸ਼ਲੋਕਾਂ ਦੇ ਅੰਤਰਗਤ ਦਰਜ ਵਿਭਿੰਨ ਗੁਰੂ ਸਾਹਿਬਾਨਾਂ ਦੇ ਸ਼ਲੋਕ ਵੀ ਦੋ ਜਾਂ ਦੋ ਤੋਂ ਵੱਧ ਪੰਕਤੀਆਂ ਦੇ ਮਿਲਦੇ ਹਨ। ਇਸੇ ਸਿਲਸਿਲੇ ਵਿਚ ਸੂਹੀ ਰਾਗ ਵਿੱਚ ਦਰਜ ਗੁਰੂ ਨਾਨਕ ਦੇਵ ਜੀ (ਪੰਨਾ 729) ਅਤੇ ਬਾਬਾ ਫ਼ਰੀਦ ਜੀ (ਪੰਨਾ 794) ਜੀ ਦੇ ਸ਼ਬਦ ਵੀ ਵੇਖਣਯੋਗ ਹਨ। ਜਿੱਥੇ ਬਾਬਾ ਫ਼ਰੀਦ ਜੀ ਆਪਣੇ ਸ਼ਬਦ (ਬੇੜਾ ਬੰਧਿ ਨ ਸਕਿਓ ਬੰਧਨ ਕੀ ਵੇਲਾ...) ਵਿੱਚ ਸਮੱਸਿਆ ਦਾ ਜ਼ਿਕਰ ਕਰ ਰਹੇ ਹਨ, ਉੱਥੇ ਗੁਰੂ ਨਾਨਕ ਦੇਵ ਜੀ ਨੇ (ਜਪ ਤਪ ਕਾ ਬੰਧੁ ਬੇੜੁਲਾ ਜਿਤੁ ਲੰਘਹਿ ਵਹੇਲਾ...) ਵਿੱਚ ਸਮੱਸਿਆ ਤੋਂ ਉਬਰਨ ਦੀ ਜਾਚ ਦੱਸੀ ਹੈ।

ਬੇਸ਼ੱਕ ਬਾਬਾ ਫਰੀਦ ਜੀ ਇਸਲਾਮ ਧਰਮ ਨਾਲ ਸਬੰਧ ਰੱਖਦੇ ਹਨ ਅਤੇ ਉਨ੍ਹਾਂ ਦੀ ਰਚਨਾ ਵਿਚ ਇਸਲਾਮਕ ਸ਼ਬਦਾਵਲੀ ਦੀ ਬਹੁਤਾਤ ਹੈ, ਜਿਵੇਂ ਮਲਕੁ (ਮਲਕੁਲਮਉਤ), ਸ਼ੈਤਾਨ, ਨਮਾਜ਼, ਉਜੂ (ਵੁਜ਼ੂ), ਦੋਜ਼ਕ, ਸਬਰ, ਰਜ਼ਾ, ਜੀਰਾਣ, ਗੋਰ, ਮੁਸੱਲਾ, ਸੂਫ਼, ਦਰਵੇਸ਼, ਅਜ਼ਰਾਈਲ, ਖੁਦਾਇ ਆਦਿ, ਪਰ ਉਨ੍ਹਾਂ ਦੇ ਉਪਦੇਸ਼ ਅਤੇ ਸਿੱਖਿਆਵਾਂ ਸਮੁੱਚੀ ਲੋਕਾਈ ਵਾਸਤੇ ਹਨ। ਉਨ੍ਹਾਂ ਦੀ ਬਾਣੀ ਵਿਚ ਇਸ਼ਕ, ਬ੍ਰਿਹਾ, ਸਬਰ-ਸੰਤੋਖ, ਸਹਿਣਸ਼ੀਲਤਾ, ਨਿਮਰਤਾ, ਖਿਮਾ, ਮਿੱਠਾ ਬੋਲਣਾ, ਪ੍ਰਭੂ ਭਗਤੀ, ਜੀਵਨ ਦੀ ਨਾਸ਼ਮਾਨਤਾ, ਪਰਿਪੱਕਤਾ, ਨੇਕੀ, ਸਮੇਂ ਦੀ ਸਾਰਥਿਕਤਾ ਆਦਿ ਵਿਸ਼ਿਆਂ ਨੂੰ ਪ੍ਰਮੁੱਖਤਾ ਪ੍ਰਾਪਤ ਹੈ ਅਤੇ ਇਨ੍ਹਾਂ ਦੀ ਵਿਸ਼ਿਆਂ ਨੂੰ ਸਾਕਾਰ ਕਰਨ ਲਈ ਉਨ੍ਹਾਂ ਨੇ ਵਿਭਿੰਨ ਸ਼ਲੋਕਾਂ ਦੀ ਸਿਰਜਣਾ ਕੀਤੀ ਹੈ। ਇਹੋ ਜਿਹੇ ਵਿਸ਼ਿਆਂ ਨੂੰ ਪ੍ਰਸਤੁਤ ਕਰਨ ਵਾਲੇ ਆਪ ਦੇ ਕੁਝ ਸ਼ਲੋਕਾਂ ਦਾ ਅਧਿਐਨ ਕੀਤਾ ਜਾ ਸਕਦਾ ਹੈ:

ਨੇਕੀ:

– ਫਰੀਦਾ ਜੋ ਤੈ ਮਾਰਨਿ ਮੁਕੀਆਂ ਤਿਨਾ ਨ ਮਾਰੇ ਘੁੰਮਿ॥

ਆਪਨੜੈ ਘਰਿ ਜਾਈਐ ਪੈਰ ਤਿਨਾ ਦੇ ਚੁੰਮਿ॥ (ਸ਼ਲੋਕ 7) – ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ॥

ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ॥ (ਸ਼ਲੋਕ 78)

ਸਬਰ ਸੰਤੋਖ:

– ਰੁਖੀ ਸੁਖੀ ਖਾਇ ਕੈ ਠੰਢਾ ਪਾਣੀ ਪੀਉ॥

ਫਰੀਦਾ ਦੇਖਿ ਪਰਾਈ ਚੋਪੜੀ ਨਾ ਤਰਸਾਏ ਜੀਉ॥(ਸ਼ਲੋਕ29)

– ਸਬਰ ਅੰਦਰਿ ਸਾਬਰੀ ਤਨੁ ਏਵੈ ਜਾਲੇਨਿ॥

ਹੋਨਿ ਨਜੀਕਿ ਖੁਦਾਇ ਦੈ ਭੇਤੁ ਨ ਕਿਸੈ ਦੇਨਿ॥ (ਸ਼ਲੋਕ 116)

ਮਿੱਠਾ ਬੋਲਣਾ:

– ਇਕੁ ਫਿਕਾ ਨਾ ਗਾਲਾਇ ਸਭਨਾ ਮੈ ਸਚਾ ਧਣੀ॥

ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ॥(ਸ਼ਲੋਕ 129) – ਸਭਨਾ ਮਨ ਮਾਣਿਕ ਠਾਹਣੁ ਮੂਲਿ ਮਚਾਂਗਵਾ॥

ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀਦਾ॥ (ਸਲੋਕ 130)

ਭੇਖ ਤੋਂ ਮੁਕਤੀ:

– ਫਰੀਦਾ ਕੰਨਿ ਮੁਸਲਾ ਸੂਫੁ ਗਲਿ ਦਿਲਿ ਕਾਤੀ ਗੁੜੁ ਵਾਤਿ॥ ਬਾਹਰ ਦਿਸੈ ਚਾਨਣਾ ਦਿਲਿ ਅੰਧਿਆਰੀ ਰਾਤਿ॥(ਸਲੋਕ 50) – ਫਰੀਦਾ ਕਾਲੇ ਮੈਡੇ ਕਪੜੇ ਕਾਲਾ ਮੈਡਾ ਵੇਸੁ॥

ਗੁਨਹੀ ਭਰਿਆ ਮੈ ਫਿਰਾ ਲੋਕੁ ਕਹੈ ਦਰਵੇਸੁ॥ (ਸ਼ਲੋਕ 61)

ਫ਼ਰੀਦ-ਬਾਣੀ ਦੀ ਇਹ ਵਿਲੱਖਣਤਾ ਹੈ ਕਿ ਅੱਜ ਵੱਖ-ਵੱਖ ਵਿਚਾਰਧਾਰਾ ਤੋਂ ਪ੍ਰਭਾਵਿਤ ਅਤੇ ਵੱਖ-ਵੱਖ ਵਿਸ਼ਿਆਂ ਸਬੰਧੀ ਲਿਖਣ ਵਾਲੇ ਲੇਖਕ ਆਪਣੀਆਂ ਰਚਨਾਵਾਂ ਦੇ ਨਾਮਕਰਨ ਲਈ ਫ਼ਰੀਦ-ਬਾਣੀ ਵਿਚਲੇ ਵਾਕੰਸ਼ਾਂ ਨੂੰ ਸਭ ਤੋਂ ਢੁਕਵਾਂ ਅਤੇ ਪ੍ਰਮਾਣਿਕ ਸਮਝ ਕੇ ਇਨ੍ਹਾਂ ਦੀ ਵਰਤੋਂ ਕਰਦੇ ਵੇਖੇ ਜਾ ਸਕਦੇ ਹਨ। ਵਧੇਰੇ ਵਿਸਥਾਰ ਵਿੱਚ ਨਾ ਜਾਂਦਿਆਂ ਅਸੀਂ ਇੱਥੇ ਕੁਝ ਅਜਿਹੀ ਹੀ ਪੁਸਤਕਾਂ ਅਤੇ ਲੇਖਕਾਂ ਦੇ ਨਾਂ ਦੇ ਕੇ ਆਪਣੀ ਗੱਲ ਸਪਸ਼ਟ ਕਰਨ ਦੀ ਕੋਸ਼ਿਸ਼ ਕਰਦੇ ਹਾਂ: ਏਹੁ ਹਮਾਰਾ ਜੀਵਣਾ, ਖੜਾ ਪੁਕਾਰੇ ਪਾਤਣੀ, ਦੁਨੀ ਸੁਹਾਵਾ ਬਾਗ਼ (ਦਲੀਪ ਕੌਰ ਟਿਵਾਣਾ), ਬਿਰਹਾ ਤੂ ਸੁਲਤਾਨ (ਸ਼ਿਵ ਕੁਮਾਰ ਬਟਾਲਵੀ), ਬੇੜਾ ਬੰਧਿ ਨ ਸਕਿਓ (ਸੰਤ ਸਿੰਘ ਸੇਖੋਂ), ਰੁੱਖਾਂ ਦੀ ਜੀਰਾਂਦ (ਗੁਰਬਖ਼ਸ਼ ਸਿੰਘ ਪ੍ਰੀਤਲੜੀ), ਸੁਕ ਗਏ ਕੁਮਲਾਇ (ਗੁਰਦਿਆਲ ਸਿੰਘ ਫੁੱਲ), ਕੰਧੀ ਉੱਤੇ ਰੁਖੜਾ (ਸੁਰਜੀਤ ਸਿੰਘ ਸੇਠੀ), ਬਾਰਿ ਪਰਾਇ ਬੈਸਣਾ (ਪਾਂਧੀ ਨਨਕਾਣਵੀ), ਵਣ ਕੰਬਿਆ (ਸੁਖਪਾਲਵੀਰ ਸਿੰਘ ਹਸਰਤ) ਅਤੇ ਇਸੇ ਸਾਲ (2022 ਵਿੱਚ) ਪ੍ਰਕਾਸ਼ਿਤ ਪੁਸਤਕ ਰੁਤਿ ਫਿਰੀ ਵਣੁ ਕੰਬਿਆ (ਜਗਜੀਤ ਸਿੰਘ ਲੋਹਟਬੱਦੀ) ਆਦਿ।

ਬਾਬਾ ਫ਼ਰੀਦ ਜੀ ਦੇ ਪਾਵਨ ਚਰਨਾਂ ਨਾਲ ਵਰੋਸਾਈ ਧਰਤੀ ਫ਼ਰੀਦਕੋਟ ਵਿਖੇ ਪਿਛਲੇ ਕਈ ਵਰ੍ਹਿਆਂ ਤੋਂ ਬਾਬਾ ਫਰੀਦ ਆਗਮਨ ਪੁਰਬ ਹਰ ਸਾਲ 19 ਸਤੰਬਰ ਤੋਂ 23 ਸਤੰਬਰ ਤੱਕ ਮਨਾਇਆ ਜਾਂਦਾ ਹੈ। ਦੱਸਿਆ ਜਾਂਦਾ ਹੈ ਕਿ ਕਰੀਬ ਅੱਠ ਸਦੀਆਂ ਪਹਿਲਾਂ ਇਸ ਇਲਾਕੇ ਤੇ ਮੋਹਕਲ ਨਾਂ ਦਾ ਰਾਜਾ ਰਾਜ ਕਰਦਾ ਸੀ। ਉਹਨੇ ਮੋਹਕਲਗੜ੍ਹ ਨਾਂ ਦਾ ਇੱਕ ਕਿਲ੍ਹਾ ਬਣਵਾਇਆ, ਜਿਸ ਦੀ ਉਸਾਰੀ ਸਮੇਂ ਉਸ ਦੇ ਸਿਪਾਹੀਆਂ ਨੇ ਇਸ ਪਾਸਿਉਂ ਲੰਘ ਰਹੇ ਬਾਬਾ ਫਰੀਦ ਜੀ ਨੂੰ ਫੜ ਕੇ ਵਗਾਰ ਦੇ ਕੰਮ 'ਤੇ ਲਾ ਦਿੱਤਾ। ਇਕ ਦਰਵੇਸ਼ ਨੂੰ ਵਗਾਰੀ ਦੇ ਕੰਮ 'ਤੇ ਲਾਇਆ ਵੇਖ ਕੇ ਜਨਤਾ ਨੇ ਰਾਜੇ ਨੂੰ ਦੱਸਿਆ ਤਾਂ ਰਾਜੇ ਨੇ ਆਪਣੀ ਗਲਤੀ ਦੀ ਖਿਮਾ ਮੰਗੀ ਅਤੇ ਉਸਨੇ ਇਸ ਸ਼ਹਿਰ ਦਾ ਨਾਂ ਫ਼ਰੀਦ ਜੀ ਦੇ ਨਾਂ ਤੇ ਫ਼ਰੀਦਕੋਟ ਰੱਖ ਦਿੱਤਾ।

ਫਰੀਦਕੋਟ ਵਿਖੇ ਫ਼ਰੀਦ ਜੀ ਦੇ ਆਗਮਨ ਦੀ ਯਾਦ ਨੂੰ ਮਨਾਉਣ ਲਈ ਹਰ ਵਰ੍ਹੇ ਕੌਮੀ ਪੱਧਰ ਦੇ ਸਮਾਗਮ ਕਰਵਾਏ ਜਾਂਦੇ ਹਨ, ਜਿਸ ਵਿੱਚ ਸੈਮੀਨਾਰ, ਕਵੀ ਦਰਬਾਰ, ਕੁਸ਼ਤੀਆਂ, ਹਾਕੀ, ਪੁਸਤਕ ਮੇਲਾ ਆਦਿ ਦਾ ਆਯੋਜਨ ਹੁੰਦਾ ਹੈ। ਇੱਥੇ ਕਿਲ੍ਹੇ ਦੇ ਬਿਲਕੁਲ ਨੇੜੇ ਚਿੱਲਾ ਬਾਬਾ ਫਰੀਦ ਸੁਭਾਇਮਾਨ ਹੈ, ਜਿੱਥੇ ਹਰ ਵੀਰਵਾਰ ਲੋਕੀਂ ਆਪਣੀਆਂ ਮਨੋਕਾਮਨਾਵਾਂ ਦੀ ਪੂਰਤੀ ਹਿੱਤ ਸਿਜਦਾ ਕਰਦੇ ਹਨ। ਇਸ ਅਸਥਾਨ ਤੇ ਇੱਕ ਗੁਰਦੁਆਰਾ, ਮਸਜਿਦ, ਲੰਗਰ ਹਾਲ ਅਤੇ ਵਣ ਦਾ ਪੁਰਾਤਨ ਰੁੱਖ ਮੌਜੂਦ ਹੈ। ਵਣ ਬਾਰੇ ਮਾਨਤਾ ਹੈ ਕਿ ਬਾਬਾ ਜੀ ਨੇ ਗਾਰੇ ਨਾਲ ਲਿੱਬੜੇ ਹੱਥ ਇਸ ਰੁੱਖ ਨਾਲ ਪੂੰਝੇ ਸਨ।

ਸ਼ਹਿਰੋਂ ਬਾਹਰਵਾਰ ਫ਼ਰੀਦਕੋਟ-ਕੋਟਕਪੂਰਾ ਸੜਕ ਉੱਤੇ ਗੁਰਦੁਆਰਾ ਗੋਦੜੀ ਸਾਹਿਬ ਦੀ ਸੁੰਦਰ ਇਮਾਰਤ ਹੈ, ਜਿਸ ਬਾਰੇ ਲੋਕ-ਵਿਸ਼ਵਾਸ ਹੈ ਕਿ ਬਾਬਾ ਜੀ ਨੇ ਲੀਰਾਂ ਦੀ ਬਣੀ ਗੋਦੜੀ ਤੇ ਇੱਥੇ ਵਿਸ਼ਰਾਮ ਕੀਤਾ ਸੀ। ਇੱਥੇ ਇੱਕ ਸਰੋਵਰ ਅਤੇ ਬਹੁਤ ਵਿਸ਼ਾਲ ਖੁੱਲ੍ਹਾ ਹਾਲ ਹੈ। ਇਨ੍ਹਾਂ ਅਸਥਾਨਾਂ ਦਾ ਪ੍ਰਬੰਧ ਸਥਾਨਕ ਕਮੇਟੀ ਕਰਦੀ ਹੈ, ਜਿਸ ਦੇ ਸਰਪ੍ਰਸਤ ਭਾਈ ਇੰਦਰਜੀਤ ਸਿੰਘ ਖਾਲਸਾ ਹਨ, ਜੋ ਹਰ ਸਾਲ ਨੇਕ ਕੰਮ ਕਰਨ ਵਾਲੇ ਲੋਕਾਂ ਨੂੰ ਇਨਾਮ-ਸਨਮਾਨ ਪ੍ਰਦਾਨ ਕਰਦੇ ਹਨ। ਆਗਮਨ ਪੁਰਬ ਵਾਲੇ ਦਿਨੀਂ ਚਿੱਲਾ ਬਾਬਾ ਫ਼ਰੀਦ ਤੋਂ ਗੋਦੜੀ ਸਾਹਿਬ ਤੱਕ ਵਿਸ਼ਾਲ ਨਗਰ ਕੀਰਤਨ ਦਾ ਪ੍ਰਬੰਧ ਕੀਤਾ ਜਾਂਦਾ ਹੈ। ਸਾਲ 2000 ਤੋਂ ਕਮੇਟੀ ਵੱਲੋਂ "ਬਾਬਾ ਫ਼ਰੀਦ ਇਮਾਨਦਾਰੀ ਅਵਾਰਡ" ਅਤੇ "ਭਗਤ ਪੂਰਨ ਸਿੰਘ ਮਾਨਵ ਸੇਵਾ ਅਵਾਰਡ" ਦਿੱਤੇ ਜਾ ਰਹੇ ਹਨ। ਇਸ ਸਾਲ 'ਬਾਬਾ ਫ਼ਰੀਦ ਅਵਾਰਡ' ਮੋਗਾ ਦੇ ਡੀਸੀ ਕੁਲਵੰਤ ਸਿੰਘ ਨੂੰ ਅਤੇ 'ਮਾਨਵ ਸੇਵਾ ਅਵਾਰਡ' ਸੁਸਾਇਟੀ ਫਾਰ ਇਕਾਲੋਜੀਕਲ ਐਂਡ ਐਨਵਾਇਰਮੈਂਟਲ ਰਿਸੋਰਸਜ਼ (SEER) ਨੂੰ ਬਾਬਾ ਫ਼ਰੀਦ ਆਗਮਨ ਪੁਰਬ ਦੇ ਆਖਰੀ ਦਿਨ, ਯਾਨੀ 23 ਸਤੰਬਰ ਨੂੰ ਦਿੱਤੇ ਜਾਣਗੇ।

ਭਾਵੇਂ ਬਾਬਾ ਫਰੀਦ ਜੀ ਅੱਜ ਤੋਂ ਅੱਠ ਸਦੀਆਂ ਪਹਿਲਾਂ ਪੰਜਾਬ ਦੀ ਧਰਤੀ ਤੇ ਆਏ ਸਨ, ਪਰ ਉਨ੍ਹਾਂ ਦੀ ਸ਼ਖ਼ਸੀਅਤ, ਦਰਸ਼ਨ ਅਤੇ ਬਾਣੀ ਨੇ ਪੰਜਾਬੀ ਜਨਜੀਵਨ ਤੇ ਜੋ ਪ੍ਰਭਾਵ ਪਾਇਆ ਹੈ, ਉਹ ਸਾਡੇ ਸਾਹਮਣੇ ਹੈ। ਇਹ ਆਪ ਦੀ ਬਾਣੀ ਦਾ ਹੀ ਯੋਗਦਾਨ ਹੈ ਕਿ ਪੰਜਾਬੀਆਂ ਨੇ ਆਪ ਦੀ ਰਚਨਾ ਨੂੰ ਆਪਣੇ ਜੀਵਨ ਦਾ ਅੰਗ ਬਣਾਇਆ ਹੋਇਆ ਹੈ ਅਤੇ ਰੋਜ਼- ਮੱਰਾ ਦੀ ਗੱਲਬਾਤ ਸਮੇਂ ਥਾਂ-ਥਾਂ 'ਤੇ ਆਪ ਦੀ ਬਾਣੀ 'ਚੋਂ ਹਵਾਲੇ ਦਿੱਤੇ ਜਾਂਦੇ ਹਨ।